ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 22 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੭ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

Exclusive News

## ਬਠਿੰਡਾ 'ਚ ਅੱਧੀ ਰਾਤ ਪ੍ਰੇਮਿਕਾ ਨੂੰ ਘਰ ਮਿਲਣ ਆਏ ਨੌਜਵਾਨ ਦਾ ਬੇਰਹਿਮੀ ਨਾਲ ਕਤਲ

### ਵਾਰਦਾਤ ਕਰਨ ਤੋਂ ਬਾਅਦ ਦੋਸ਼ੀ ਫ਼ਰਾਰ



ਬਠਿੰਡਾ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਬਠਿੰਡਾ ਦੇ ਨੇੜਲੇ ਪਿੰਡ ਲੂਲਬਾਈ 'ਚ ਬੀਤੀ ਦੇਰ ਰਾਤ ਆਪਣੀ ਪ੍ਰੇਮਿਕਾ ਨੂੰ ਮਿਲਣ ਆਏ ਪ੍ਰੇਮੀ ਨੂੰ ਔਰਤ ਦੇ ਪਰਿਵਾਰਕ ਮੈਂਬਰਾਂ ਨੇ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਦੀ ਪਛਾਣ ਵਿੱਕੀ ਵਜੋਂ ਹੋਈ ਹੈ। ਘਟਨਾ ਤੋਂ ਬਾਅਦ ਥਾਣਾ ਨੰਦਗੜ੍ਹ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਵਾਲੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਲੂਲਬਾਈ ਦੇ ਵਿੱਕੀ ਨਾਮਕ ਨੌਜਵਾਨ ਦਾ ਪਿਛਲੇ ਕੁਝ ਸਮੇਂ ਤੋਂ ਇਸੇ ਪਿੰਡ ਦੀ ਹੀ ਇੱਕ ਵਿਆਹੁਤਾ ਔਰਤ ਨਾਲ ਪ੍ਰੇਮ ਸਬੰਧ ਚੱਲ ਰਹੇ ਸਨ। ਇਸ ਬਾਰੇ ਔਰਤ ਦੇ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗਾ। ਵਿੱਕੀ ਅਕਸਰ ਆਪਣੀ ਸਹੇਲੀ ਦੇ ਘਰ ਉਸ ਨੂੰ ਮਿਲਣ ਲਈ ਜਾਂਦਾ ਸੀ।

### ਮਾਪੇ ਹੋ ਜਾਣ ਸਾਵਧਾਨ !

## ਨਾਬਾਲਗ ਨੂੰ ਦਿੱਤੀ ਗੱਡੀ ਜਾਂ ਮੋਟਰਸਾਇਕਲ ਦੀ ਚਾਬੀ ਤਾਂ ਹੋਵੇਗੀ 3 ਸਾਲ ਦੀ ਸਜ਼ਾ



ਅੰਮ੍ਰਿਤਸਰ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਜੇ ਕੋਈ ਨਾਬਾਲਗ ਬੱਚਾ ਸਕੂਟਰ, ਬਾਈਕ ਜਾਂ ਕਾਰ ਚਲਾਉਂਦਾ ਫੜਿਆ ਗਿਆ ਤਾਂ ਉਸ ਦੇ ਮਾਪਿਆਂ ਨੂੰ 3 ਸਾਲ ਦੀ ਕੈਦ ਅਤੇ 25 ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਜੇ ਉਹ ਵਾਹਨ ਕਿਸੇ ਹੋਰ ਤੋਂ ਉਧਾਰ ਲੈ ਕੇ ਚਲਾ ਰਿਹਾ ਹੈ ਤਾਂ ਉਸ ਦੇ ਮਾਲਕ ਨੂੰ ਇਹ ਸਜ਼ਾ ਮਿਲੇਗੀ। ਪੰਜਾਬ ਪੁਲਿਸ ਇਸ ਨੂੰ 31 ਜੁਲਾਈ ਤੋਂ ਸ਼ੁਰੂ ਕਰਨ ਜਾ ਰਹੀ ਹੈ। ਪੰਜਾਬ ਦੇ ਏਡੀਜੀਪੀ (ਟਰੈਫਿਕ) ਨੇ ਇਸ ਸਬੰਧੀ ਸਾਰੇ ਜ਼ਿਲ੍ਹਿਆਂ ਦੇ ਐਸਐਸਪੀਜ਼ ਅਤੇ ਪੁਲਿਸ ਕਮਿਸ਼ਨਰਾਂ ਨੂੰ ਹੁਕਮ ਜਾਰੀ ਕਰ ਦਿੱਤੇ ਹਨ। ਘੱਟ ਉਮਰ ਦੇ ਵਾਹਨ ਚਲਾਉਣ ਦੇ ਮਾਮਲੇ ਵਿੱਚ, ਮੋਟਰ ਵਹੀਕਲ ਐਕਟ (ਸੋਧ 2019) ਦੀਆਂ ਧਾਰਾਵਾਂ 1991 ਅਤੇ 199-2 ਦੇ ਤਹਿਤ ਮਾਪਿਆਂ ਜਾਂ ਵਾਹਨ ਮਾਲਕ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਏਡੀਜੀਪੀ ਦੇ ਹੁਕਮਾਂ ਅਨੁਸਾਰ 31 ਜੁਲਾਈ ਤੋਂ ਬਾਅਦ ਜੇ ਕੋਈ ਨਾਬਾਲਗ ਯਾਨੀ 18 ਸਾਲ ਤੋਂ ਘੱਟ ਉਮਰ ਦਾ ਬੱਚਾ ਬਾਕੀ ਸਫ਼ਾ 8 'ਤੇ

### ਪੰਜਾਬੀਆਂ ਨੂੰ ਰੋਜ਼ਾਨਾ ਹੋ ਰਹੀ 60 ਲੱਖ ਰੁਪਏ ਦੀ ਬੱਚਤ

# ਪੰਜਾਬ 'ਚ 17 ਟੋਲ ਪਲਾਜ਼ੇ ਬੰਦ



■ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਲੋਕਾਂ ਤੋਂ ਟੈਕਸ ਵਸੂਲਣ ਵਾਲੇ ਟੋਲ ਪਲਾਜ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ 'ਚ ਹੁਣ ਤੱਕ 17...

ਅੰਮ੍ਰਿਤਸਰ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਲੋਕਾਂ ਤੋਂ ਟੈਕਸ ਵਸੂਲਣ ਵਾਲੇ ਟੋਲ ਪਲਾਜ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ 'ਚ ਹੁਣ ਤੱਕ 17 ਟੋਲ ਪਲਾਜ਼ੇ ਬੰਦ ਕਰ ਚੁੱਕੇ ਹਾਂ। ਇਹ ਟੋਲ ਪਲਾਜ਼ੇ ਬੰਦ ਹੋਣ ਕਰਕੇ ਪੰਜਾਬੀਆਂ ਨੂੰ 60 ਲੱਖ ਰੁਪਏ ਰੋਜ਼ਾਨਾ ਦੀ ਬੱਚਤ ਹੋ ਰਹੀ ਹੈ। ਸੀਐਮ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ 'ਚ ਹੁਣ ਤੱਕ 17 ਟੋਲ ਪਲਾਜ਼ੇ ਬੰਦ ਕਰ ਚੁੱਕੇ ਹਾਂ। ਬੰਦ ਕੀਤੇ ਇਨ੍ਹਾਂ ਟੋਲ ਪਲਾਜ਼ਿਆਂ ਕਰਕੇ ਪੰਜਾਬੀਆਂ ਨੂੰ 60 ਲੱਖ ਰੁਪਏ ਰੋਜ਼ਾਨਾ ਦੀ ਬੱਚਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਲੋਕਾਂ ਤੋਂ ਟੈਕਸ ਵਸੂਲਣ ਵਾਲੇ ਟੋਲ ਪਲਾਜ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੀ.ਐਮ. ਭਗਵੰਤ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਜਨਤਾ ਦੀ ਸੇਵਾ ਕਰਨ ਲਈ ਇਨਕਮ ਟੈਕਸ ਵਿਭਾਗ ਦੀ ਨੌਕਰੀ ਛੱਡ ਦਿੱਤੀ। ਉਨ੍ਹਾਂ ਕਿਹਾ, 'ਅਸੀਂ ਰਾਜਨੀਤੀ ਨੂੰ ਵਪਾਰ ਨਹੀਂ ਸਮਝਦੇ, ਇਹ ਕਿੱਤਾ ਨਹੀਂ ਸਗੋਂ ਜਨੂੰਨ ਹੈ। ਜੇਕਰ ਦੂਜੀਆਂ ਪਾਰਟੀਆਂ ਦੇ ਆਗੂ ਸਹੀ ਸਨ ਤਾਂ ਸਾਨੂੰ ਪਾਰਟੀ ਬਣਾਉਣ ਦੀ ਕੋਈ ਲੋੜ ਨਹੀ ਸੀ। ਦਰਅਸਲ ਸ਼ਨੀਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਚੋਣ ਅਧਾਰਿਤ ਸੂਬੇ ਹਰਿਆਣਾ ਲਈ 'ਕੇਜਰੀਵਾਲ ਦੀਆਂ ਪੰਜ ਗਾਰੰਟੀਆਂ' ਦਾ ਐਲਾਨ ਕੀਤਾ। ਇਨ੍ਹਾਂ ਗਾਰੰਟੀਆਂ ਵਿੱਚ ਮੁਫ਼ਤ ਬਿਜਲੀ, ਮੁਫ਼ਤ ਇਲਾਜ, ਮੁਫ਼ਤ ਸਿੱਖਿਆ, ਸੂਬੇ ਦੀ ਹਰ ਮਹਿਲਾ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣਾ ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣਾ ਸ਼ਾਮਲ ਹੈ। ਇਸ ਸਾਲ ਦੇ ਅੰਤ 'ਚ ਹਰਿਆਣਾ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪੰਚਕੂਲਾ 'ਚ ਕੇਜਰੀਵਾਲ ਦੀਆਂ ਪੰਜ ਗਾਰੰਟੀਆਂ ਦੇ ਐਲਾਨ ਸਮੇਂ ਸੁਨੀਤਾ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਬਾਕੀ ਸਫ਼ਾ 8 'ਤੇ

## ਪੰਚਾਇਤੀ ਤੇ ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ਸੀਐਮ ਭਗਵੰਤ ਮਾਨ 'ਤੇ ਵਰ੍ਹੇ ਪਰਗਟ ਸਿੰਘ, ਉਠਾਏ ਵੱਡੇ ਸਵਾਲ



ਜਲੰਧਰ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਕਾਂਗਰਸ ਦੇ ਸੀਨੀਅਰ ਲੀਡਰ ਤੇ ਸਾਬਕਾ ਮੰਤਰੀ ਪਰਗਟ ਸਿੰਘ ਪੰਜਾਬ ਸਰਕਾਰ ਉਪਰ ਰੱਜ ਕੇ ਵਰ੍ਹੇ ਹਨ। ਉਨ੍ਹਾਂ ਨੇ ਪੰਚਾਇਤੀ ਤੇ ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ ਹੈ। ਪਰਗਟ ਸਿੰਘ ਨੇ ਦੋ ਟਵੀਟ ਕਰਕੇ ਪੰਜਾਬ ਸਰਕਾਰ ਉਪਰ ਵਿਅੰਗ ਕਰਦਿਆਂ ਸਵਾਲ ਉਠਾਏ ਹਨ। ਪਰਗਟ ਸਿੰਘ ਨੇ ਟਵੀਟ ਕਰਦਿਆਂ ਕਿਹਾ...ਪੰਜਾਬ ਸਰਕਾਰ ਵੱਲੋਂ ਡੇਢ ਸਾਲ ਤੋਂ ਨਗਰ ਨਿਗਮ ਦੀਆਂ ਚੋਣਾਂ ਨਾ ਕਰਵਾਉਣ ਦਾ ਮਾਮਲਾ ਹਾਈਕੋਰਟ ਪਹੁੰਚਿਆ ਹੈ। ਬਤੌਰ ਮੁੱਖ ਮੰਤਰੀ ਪੰਜਾਬ ਵਿੱਚ ਸਮੇਂ ਸਿਰ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਨੂੰ ਛਿੱਕੇ ਟੰਗ ਕੇ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਦੀਆਂ ਚੋਣਾਂ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਲਈ ਜ਼ਿਆਦਾ ਸੰਜੀਦਾ ਨਜ਼ਰ ਆ ਰਹੇ ਹਨ। ਉਸ ਤੋਂ ਇਲਾਵਾ ਪਰਗਟ ਸਿੰਘ ਨੇ ਇੱਕ ਹੋਰ ਟਵੀਟ ਕਰਕੇ ਕਿਹਾ ਕਿ ਉਪਜਾਊ ਜ਼ਮੀਨ ਤੇ ਪਾਰਕ ਬਣਾਉਣ ਲਈ 33 ਸਾਲਾਂ ਦੇ ਇਕਰਾਰ ਲਈ ਬੋਲੀ ਕਰਵਾਈ ਜਾ ਰਹੀ ਹੈ। ਪੰਜਾਬ ਵਿੱਚ ਪੰਚਾਇਤਾਂ ਭੰਗ ਹਨ, ਇਸ ਸਮੇਂ ਪੰਚਾਇਤ ਦੀ ਸਹਿਮਤੀ ਬਿਨਾਂ ਬੇਸ਼ਕੀਮਤੀ ਪੰਚਾਇਤੀ ਜ਼ਮੀਨ ਦੀ ਬੋਲੀ ਕਰਵਾਉਣਾ ਕਿੱਥੋਂ ਤੱਕ ਬਾਕੀ ਸਫ਼ਾ 8 'ਤੇ

### ਕੇਂਦਰ ਸਰਕਾਰ ਨੇ ਚੁੱਕਿਆ ਵੱਡਾ ਕਦਮ

# ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਮਿਲਾਵਟ ਕਰਨ ਵਾਲਿਆਂ ਦੀ ਖ਼ੈਰ ਨਹੀਂ !



ਨਵੀਂ ਦਿੱਲੀ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਮਿਲਾਵਟ ਕਰਨ ਵਾਲਿਆਂ ਦੀ ਖੈਰ ਨਹੀਂ। ਫੂਡ ਸੇਫਟੀ ਰੈਗੂਲੇਟਰ FSSAI ਨੇ ਤਿਉਹਾਰਾਂ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਦੇ ਲਈ ਰੈਗੂਲੇਟਰ ਨੇ ਵੱਡੀ ਗਿਣਤੀ 'ਚ ਮੋਬਾਈਲ ਟੈਸਟਿੰਗ ਲੈਬਾਂ ਸ਼ੁਰੂ ਕੀਤੀਆਂ ਹਨ। ਰੈਗੂਲੇਟਰ ਦਾ ਉਦੇਸ਼ ਦੇਸ਼ ਦੇ ਹਰ ਜ਼ਿਲ੍ਹੇ ਵਿੱਚ ਅਜਿਹੀ ਲੈਬ ਸਥਾਪਤ ਕਰਨਾ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦਾ ਕਹਿਣਾ ਹੈ ਕਿ ਮੋਬਾਈਲ ਟੈਸਟਿੰਗ ਲੈਬ ਦੀ ਉਪਲਬਧਤਾ ਨਾਲ ਘੱਟ ਸਮੇਂ ਵਿੱਚ ਭੋਜਨ ਦੇ ਨਮੂਨਿਆਂ ਦੀ ਜਾਂਚ ਕਰਨਾ ਸੰਭਵ ਹੋਵੇਗਾ। FSSAI ਅਨੁਸਾਰ ਦੇਸ਼ ਭਰ ਵਿੱਚ 261 ਮੋਬਾਈਲ ਵੈਨਾਂ ਤਾਇਨਾਤ ਕੀਤੀਆਂ ਗਈਆਂ ਹਨ। ਅਜਿਹੀ ਇੱਕ ਵੈਨ ਹਰ ਜ਼ਿਲ੍ਹੇ ਵਿੱਚ ਮੁਹੱਈਆ ਕਰਵਾਈ ਜਾਵੇਗੀ। ਇਸ ਨਾਲ ਤੁਹਾਡੇ ਘਰ ਦੇ ਨੇੜੇ ਦੁੱਧ, ਤੇਲ, ਮਸਾਲੇ, ਫਲ ਤੇ ਸਬਜ਼ੀਆਂ ਦੀ ਗੁਣਵੱਤਾ ਦੀ ਜਾਂਚ ਕੀਤੀ ਜਾ ਸਕੇਗੀ ਹੈ ਤੇ ਉਹ ਵੀ ਬਹੁਤ ਘੱਟ ਸਮੇਂ ਵਿੱਚ।

### ਕੇਂਦਰੀ ਮੰਤਰੀ ਨੇ ਅਪਡੇਟ ਸਾਂਝੀ ਕੀਤੀ

**ਕੇਂਦਰੀ ਮੰਤਰੀ ਅਨੁਪ੍ਰਿਆ ਪਟੇਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ** 'ਤੇ ਇਸ ਬਾਰੇ ਅਪਡੇਟ ਕੀਤਾ। ਉਨ੍ਹਾਂ ਦੱਸਿਆ ਕਿ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਐਫਐਸਐਸਏਆਈ ਵੱਲੋਂ ਸਟ੍ਰੀਟ ਫੂਡ ਵਿਕਰੇਤਾਵਾਂ ਲਈ ਇੱਕ ਸਿਖਲਾਈ ਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਉਨ੍ਹਾਂ ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨਾਲ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਭੋਜਨ ਦੀ ਸਾਫ-ਸਫਾਈ ਤੇ ਸੁਰੱਖਿਆ ਪ੍ਰਕਿਰਿਆਵਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਫੂਡ ਸੇਫਟੀ ਆਨ ਵ੍ਹੀਲਜ਼ ਯਾਨੀ ਮੋਬਾਈਲ ਟੈਸਟਿੰਗ ਲੈਬਾਰਟਰੀ ਦਾ ਵੀ ਨਿਰੀਖਣ ਕੀਤਾ ਗਿਆ। ਇਸ ਤੋਂ ਇਲਾਵਾ ਫੂਡ ਸੇਫਟੀ ਦਿਸ਼ਾ ਨਿਰਦੇਸ਼ ਜਾਰੀ ਕਰਨ, ਸਟ੍ਰੀਟ ਫੂਡ ਵੈਂਡਰ ਪੋਰਟਲ ਦੀ ਸ਼ੁਰੂਆਤ ਤੇ ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਟੈਸਟਿੰਗ ਕਿੱਟਾਂ ਦੀ ਵੰਡ ਵੀ ਕੀਤੀ ਗਈ। ਇਸ ਮੌਕੇ ਕੇਂਦਰੀ ਮੰਤਰੀ ਨੱਡਾ ਨੇ ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਇੱਕ ਅਨੋਖਾ ਤੋਹਫਾ ਵੀ ਦਿੱਤਾ। ਉਨ੍ਹਾਂ ਨੇ FSSAI ਨੂੰ ਸਟ੍ਰੀਟ ਫੂਡ ਵਿਕਰੇਤਾਵਾਂ ਲਈ ਰਜਿਸਟ੍ਰੇਸ਼ਨ ਫੀਸ ਮੁਆਫ ਕਰਨ ਦੇ ਬਾਕੀ ਸਫ਼ਾ 8 'ਤੇ

### ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਦਾ ਰਿਮਾਂਡ ਖ਼ਤਮ

## ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ





ਤਰਨ ਤਾਰਨ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਖਾਲਿਸਤਾਨੀ ਸਮਰਥਕ ਤੇ ਸ੍ਰੀ ਖਡੂਰ ਸਾਹਿਬ ਸੀਟ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਨੂੰ ਦੋ ਦਿਨ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਹੈਪੀ ਅਤੇ ਲਵਪ੍ਰੀਤ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੁਲਿਸ ਨੇ ਅੱਜ ਅਦਾਲਤ ਵਿੱਚ ਰਿਮਾਂਡ ਦੀ ਮੰਗ ਨਹੀਂ ਕੀਤੀ। ਐੱਸਐੱਚਓ ਸੁਖਦੇਵ ਸਿੰਘ ਨੇ ਦੱਸਿਆ- ਉਸ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਹੈਪੀ ਦਾ ਦਸ ਦਿਨ ਦਾ ਰਿਮਾਂਡ ਮੰਗਿਆ ਸੀ, ਪਰ ਅਦਾਲਤ ਪੁਲੀਸ ਦੀਆਂ ਦਲੀਲਾਂ ਤੋਂ ਖੁਸ਼ ਨਹੀਂ ਸੀ, ਜਿਸ ਕਾਰਨ ਸਿਰਫ਼ ਦੋ ਦਿਨ ਦਾ ਰਿਮਾਂਡ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਅਦਾਲਤ ਨੇ ਕੱਲ੍ਹ ਯਾਨੀ ਸ਼ਨੀਵਾਰ ਨੂੰ ਜ਼ਮਾਨਤ ਪਟੀਸ਼ਨ 'ਤੇ ਬਹਿਸ ਲਈ ਹੋਰ ਤਰੀਕ ਦਿੱਤੀ ਸੀ। ਨਾਲ ਹੀ ਹੈਪੀ ਅਤੇ ਲਵਪ੍ਰੀਤ ਦੀ ਜ਼ਮਾਨਤ ਪਟੀਸ਼ਨ 'ਤੇ ਬਹਿਸ ਲਈ ਮੰਗਲਵਾਰ ਯਾਨੀ 23 ਜੁਲਾਈ ਦੀ ਤਰੀਕ ਦਿੱਤੀ ਗਈ ਹੈ। ਮੰਗਲਵਾਰ ਨੂੰ ਅਦਾਲਤ 'ਚ ਹੈਪੀ ਦੀ ਜ਼ਮਾਨਤ 'ਤੇ ਬਹਿਸ ਹੋਵੇਗੀ। ਜਿਸ ਤੋਂ ਬਾਅਦ ਅਦਾਲਤ ਅੱਗੇ ਫੈਸਲਾ ਲਵੇਗੀ। ਜ਼ਿਕਰ ਕਰ ਦਈਏ ਕਿ ਫਿਲੌਰ ਪੁਲਿਸ ਨੇ 11 ਜੁਲਾਈ ਦੀ ਸ਼ਾਮ ਨੂੰ ਹੈਪੀ ਨੂੰ ਉਸ ਦੇ ਸਾਥੀ ਲਵਪ੍ਰੀਤ ਸਮੇਤ ਫਿਲੌਰ ਹਾਈਵੇਅ ਤੋਂ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਕੋਲੋਂ 4 ਗ੍ਰਾਮ ਆਈਸ ਡਰੱਗ ਬਾਕੀ ਸਫ਼ਾ 8 'ਤੇ

### ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਖੋਲ੍ਹੇ ਰਾਜ

## ਕੇਜਰੀਵਾਲ ਨੂੰ ਜੇਲ੍ਹ 'ਚ ਮਾਰਨ ਦੀ ਸਾਜਿਸ਼ ਰਚੀ ਜਾ ਰਹੀ ?

■ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਐਤਵਾਰ ਨੂੰ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਡੂੰਘੀ ਸਾਜ਼ਿਸ਼ ਰਚ ਰਹੀ ਹੈ...





ਨਵੀਂ ਦਿੱਲੀ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)- ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਐਤਵਾਰ ਨੂੰ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਡੂੰਘੀ ਸਾਜ਼ਿਸ਼ ਰਚ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਵਿਗੜਦੀ ਸਿਹਤ ਨੂੰ ਨਜ਼ਰਅੰਦਾਜ਼ ਕਰਨਾ ਕੇਂਦਰ ਸਰਕਾਰ, ਭਾਜਪਾ ਤੇ ਦਿੱਲੀ ਦੇ ਉਪ ਰਾਜਪਾਲ ਵਿਨੈ ਸਕਸੈਨਾ ਦੀ ਉਨ੍ਹਾਂ ਨੂੰ ਮਾਰਨ ਦੀ ਸਾਜ਼ਿਸ਼ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਿਹਤ ਨੂੰ ਲੈ ਕੇ LG ਵਿਨੈ ਸਕਸੈਨਾ ਵੱਲੋਂ ਦਿੱਲੀ ਦੇ ਮੁੱਖ ਸਕੱਤਰ ਨੂੰ ਲਿਖੇ ਪੱਤਰ 'ਤੇ 'ਆਪ' ਸਾਂਸਦ ਸੰਜੇ ਸਿੰਘ ਨੇ ਕਿਹਾ ਕਿ ਇਹ ਕੀ ਮਜ਼ਾਕ ਹੋ ਰਿਹਾ ਹੈ ? ਕੀ ਕੋਈ ਵਿਅਕਤੀ ਖੁਦ ਹੀ ਰਾਤ ਨੂੰ ਆਪਣੀ ਸ਼ੂਗਰ ਘੱਟ ਕਰੇਗਾ, ਜੋ ਬਹੁਤ ਖਤਰਨਾਕ ਹੈ। LG ਸਾਹਿਬ, ਜੇਕਰ ਤੁਹਾਨੂੰ CM ਦੀ ਬੀਮਾਰੀ ਬਾਰੇ ਨਹੀਂ ਪਤਾ ਤਾਂ ਤੁਹਾਨੂੰ ਅਜਿਹੀ ਚਿੱਠੀ ਨਹੀਂ ਲਿਖਣੀ ਚਾਹੀਦੀ। ਰੱਬ ਨਾ ਕਰੇ ਕਿ ਕਦੇ ਤੁਹਾਡੇ ਉਪਰ ਵੀ ਅਜਿਹਾ ਸਮਾਂ ਆਵੇ। ਸੰਜੇ ਸਿੰਘ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੇਜਰੀਵਾਲ ਦੀ ਸਿਹਤ ਨੂੰ ਲੈ ਕੇ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਕਦੇ LG ਤੇ ਭਾਜਪਾ ਵਾਲੇ ਕਹਿੰਦੇ ਹਨ ਕਿ ਅਰਵਿੰਦ ਕੇਜਰੀਵਾਲ ਖਾਣਾ ਨਹੀਂ ਖਾ ਰਿਹਾ। ਉਹ ਭੁੱਖਾ ਰਹਿ ਕੇ ਆਪਣਾ ਸ਼ੂਗਰ ਲੈਵਲ ਘਟਾ ਰਿਹਾ ਹੈ। ਕਈ ਵਾਰ ਕਿਹਾ ਜਾਂਦਾ ਹੈ ਕਿ ਸੀਐਮ ਜਾਣਬੁੱਝ ਕੇ ਮਠਿਆਈਆਂ ਖਾ ਕੇ ਆਪਣਾ ਸ਼ੂਗਰ ਲੈਵਲ ਵਧਾ ਰਹੇ ਹਨ। ਸੰਜੇ ਸਿੰਘ ਨੇ ਇਹ ਵੀ ਕਿਹਾ ਕਿ ਕਿਵੇਂ ਭਾਜਪਾ, ਦੇਸ਼ ਦੀ ਸਰਕਾਰ ਤੇ ਦਿੱਲੀ ਦੇ ਐਲਜੀ ਮਿਲ ਕੇ ਕੇਜਰੀਵਾਲ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ। ਕਿਵੇਂ ਉਨ੍ਹਾਂ ਨੂੰ ਜੇਲ੍ਹ 'ਚ ਮਾਰਨ ਦੀ ਬਾਕੀ ਸਫ਼ਾ 8 'ਤੇ

# Nankana Sahib Yatra Committe Uk



## pakistan gurdwara yatra

6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।


*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਧਰਮ ਪ੍ਰਚਾਰ ਦੀ ਚੱਲਦੀ ਫਿਰਦੀ ਯੂਨੀਵਰਸਿਟੀ ਗੁਰੂ ਸ਼ਬਦ ਸਚੀ ਟਕਸਾਲ ॥ ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

ਨਾਮ ਜਪੋ / ਕਿਰਤ ਕਰੋ / ਵੰਡ ਛਕੋ — Naam Japo / Kirat Karo / Vand Shako

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ — Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ


24 HOURS SERVICE EVERYDAY

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ — Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਕਨੌੜਾ, ਟਿੱਪੀ, ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



**ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੁਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੁਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All CATEGORIES OF MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07751-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






www.khalsaforge.com




## .... ਸ.ਫ਼ਾ 1 ਦੀ ਬਾਕੀ ....

### ਪੰਜਾਬ ’ਚ 17 ਟੋਲ ਪਲਾਜ਼ੇ ਬੰਦ...

ਭਗਵੰਤ ਮਾਨ, ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਤੇ ਸੀਨੀਅਰ ਆਗੂ ਸੰਦੀਪ ਪਾਠਕ ਵੀ ਹਾਜ਼ਰ ਸਨ। ਇੱਥੋਂ ਦੇ ਇੰਦਰਧਨੁਸ਼ ਸਟੇਡੀਅਮ ’ਚ ਕਰਵਾਏ ਗਏ ਸਮਾਗਮ ਦੌਰਾਨ ਹਰਿਆਣਾ ਵਿਧਾਨ ਸਭਾ ਚੋਣਾਂ ’ਚ ‘ਆਪ’ ਲਈ ਲੋਕਾਂ ਤੋਂ ਹਮਾਇਤ ਮੰਗਦਿਆਂ ਸੁਨੀਤਾ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ ’ਤੇ ਲਿਆ ਤੇ ਉਨ੍ਹਾਂ ’ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ’ਚ ਡੱਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ (ਮੋਦੀ) ਉਨ੍ਹਾਂ (ਕੇਜਰੀਵਾਲ) ਦੇ ਕੰਮਾਂ ਤੋਂ ਈਰਖਾ ਕਰਦੇ ਹਨ।

### ਪੰਚਾਇਤੀ ਤੇ ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ...

ਜਾਇਜ਼ ਹੈ ? ਇਹ ਸਿੱਧੇ ਤੌਰ ’ਤੇ ਪੰਚਾਇਤਾਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਵੱਲ ਕਦਮ ਹੈ। ਦਰਅਸਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਸ਼ਨੀਵਾਰ ਨੂੰ ਚੋਣ ਅਧਾਰਿਤ ਸੂਬੇ ਹਰਿਆਣਾ ਲਈ ‘ਕੇਜਰੀਵਾਲ ਦੀਆਂ ਪੰਜ ਗਾਰੰਟੀਆਂ’ ਦਾ ਐਲਾਨ ਕੀਤਾ ਹੈ। ਇਨ੍ਹਾਂ ਗਾਰੰਟੀਆਂ ਵਿੱਚ ਮੁਫ਼ਤ ਬਿਜਲੀ, ਮੁਫ਼ਤ ਇਲਾਜ, ਮੁਫ਼ਤ ਸਿੱਖਿਆ, ਸੂਬੇ ਦੀ ਹਰ ਮਹਿਲਾ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣਾ ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣਾ ਸ਼ਾਮਲ ਹੈ। ਇਸ ਸਾਲ ਦੇ ਅੰਤ ’ਚ ਹਰਿਆਣਾ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

### ਕੇਂਦਰ ਸਰਕਾਰ ਨੇ ਚੁੱਕਿਆ ਵੱਡਾ ਕਦਮ ...

ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਉਤਸ਼ਾਹਿਤ ਕਰਨ ਲਈ ਐਫਐਸਐਸਏਆਈ ਨੂੰ ਰਜਿਸਟ੍ਰੇਸ਼ਨ ਫੀਸ ਮੁਆਫ ਕਰਨੀ ਚਾਹੀਦੀ ਹੈ। ਇਸ ਨਾਲ ਵੱਧ ਤੋਂ ਵੱਧ ਵਿਕਰੇਤਾ ਰਜਿਸਟਰਡ ਹੋਣਗੇ। ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਰਜਿਸਟ੍ਰੇਸ਼ਨ ਫੀਸ ਵਜੋਂ 100 ਰੁਪਏ ਅਦਾ ਕਰਨੇ ਪੈਂਦੇ ਹਨ।

### ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਦਾ ਰਿਮਾਂਡ ਖ਼ਤਮ...

ਬਰਾਮਦ ਹੋਈ। ਹੇਠਲੀ ਅਦਾਲਤ ਤੋਂ ਦੋਵਾਂ ਦਾ ਰਿਮਾਂਡ ਨਾ ਮਿਲਣ ਕਾਰਨ ਪੁਲਿਸ ਨੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਫੌਜਦਾਰੀ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਸੀ। ਇਸ ਦੇ ਨਾਲ ਹੀ ਪੁਲਿਸ ਨੇ ਉਸ ਵਿਅਕਤੀ ਨੂੰ ਵੀ ਜੇਲ੍ਹ ਭੇਜ ਦਿੱਤਾ ਹੈ, ਜਿਸ ਤੋਂ ਹੈਪੀ ਅਤੇ ਲਵਪ੍ਰੀਤ ਨੇ ਨਸ਼ਾ ਖਰੀਦਿਆ ਸੀ। ਇਨ੍ਹਾਂ ਵਿੱਚ ਆਈਸ ਸਪਲਾਇਰ ਸੰਦੀਪ ਅਰੋੜਾ ਅਤੇ ਸੰਦੀਪ ਦੇ ਫੋਟੋਗ੍ਰਾਫਰ ਦੋਸਤ ਮਨੀਸ਼ ਮਾਰਵਾਹ ਦੇ ਨਾਂਅ ਸ਼ਾਮਲ ਹਨ।

### ਮਾਪੇ ਹੋ ਜਾਣ ਸਾਵਧਾਨ !

ਦੋਪਹੀਆ ਵਾਹਨ ਜਾਂ ਕਾਰ ਆਦਿ ਚਲਾਉਂਦਾ ਪਾਇਆ ਗਿਆ ਤਾਂ ਉਸ ਦੇ ਮਾਪਿਆਂ ਜਾਂ ਵਾਹਨ ਮਾਲਕ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਪੁਲਿਸ ਕਮਿਸ਼ਨਰਾਂ ਅਤੇ ਸਮੂਹ ਐਸ.ਐਸ.ਪੀਜ਼ ਨੂੰ ਜੁਲਾਈ ਦੇ ਪੂਰੇ ਮਹੀਨੇ ਵਿੱਚ ਜਾਗਰੂਕਤਾ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ। ਜਿਸ ਵਿੱਚ ਉਹ ਮਾਪਿਆਂ ਅਤੇ ਵਾਹਨ ਮਾਲਕਾਂ ਨੂੰ ਜਾਗਰੂਕ ਕਰਨਗੇ। ਏਡੀਜੀਪੀ ਅਨੁਸਾਰ ਇਸ ਮਾਮਲੇ ਵਿੱਚ ਹੋਰ ਵਾਹਨ ਮਾਲਕਾਂ ਨੂੰ ਵੀ ਕਿਹਾ ਜਾਣਾ ਚਾਹੀਦਾ ਹੈ ਕਿ ਉਹ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਆਪਣਾ ਵਾਹਨ ਨਾ ਦੇਣ। ਜੇ ਪੁਲਿਸ ਉਸ ਨੂੰ ਫੜਦੀ ਹੈ ਤਾਂ ਗੱਡੀ ਦੀ ਰਜਿਸਟ੍ਰੇਸ਼ਨ ਦੇਖ ਕੇ ਮਾਲਕ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਲੋਕਾਂ ਨੂੰ ਚਲਦੀ ਕਾਰ ਦੇ ਸਨਰੂਫ ਤੋਂ ਬਾਹਰ ਨਿਕਲਣ ’ਤੇ ਵੀ ਪਾਬੰਦੀ ਲਾਈ ਹੈ।

### ਕੇਜਰੀਵਾਲ ਨੂੰ ਜੇਲ੍ਹ ’ਚ...



ਸਾਜ਼ਿਸ਼ ਰਚੀ ਜਾ ਰਹੀ ਹੈ।” ਜੇਲ੍ਹ ਸੁਪਰਡੈਂਟ ਦੀ ਮੈਡੀਕਲ ਰਿਪੋਰਟ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਜੇਲ੍ਹ ’ਚ ਕਿਸੇ ਵੀ ਸਮੇਂ ਮੁੱਖ ਮੰਤਰੀ ਕੇਜਰੀਵਾਲ ਨਾਲ ਕੁਝ ਅਣਸੁਖਾਵਾਂ ਵਾਪਰ ਸਕਦਾ ਹੈ। ਦਿੱਲੀ ਦੇ LG ਤੇ ਭਾਜਪਾ ਜਿਸ ਤਰ੍ਹਾਂ ਕੇਂਦਰ ਸਰਕਾਰ ਨਾਲ ਮਿਲ ਕੇ ਸਾਜ਼ਿਸ਼ ਰਚ ਰਹੇ ਹਨ, ਉਸ ਨਾਲ ਮੁੱਖ ਮੰਤਰੀ ਦੀ ਸਿਹਤ ਨੂੰ ਲੈ ਕੇ ਸ਼ੰਕੇ ਹੋਰ ਵੀ ਪੱਕੇ ਹੋ ਗਏ ਹਨ। ਇਸ ਤੋਂ ਪਹਿਲਾਂ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਿਹਤ ਬਾਰੇ ਐਲਜੀ ਨੂੰ ਕਿਹਾ ਸੀ ਕਿ ਉਹ ਜਾਣਬੁੱਝ ਕੇ ਘੱਟ ਕੈਲੋਰੀ ਖਾ ਰਹੇ ਹਨ। ਜੇਲ੍ਹ ਸੁਪਰਡੈਂਟ ਨੇ ਆਪਣੀ ਰਿਪੋਰਟ ਵਿੱਚ ਇਹ ਵੀ ਦੱਸਿਆ ਸੀ ਕਿ ਨਿਗਰਾਨੀ ਚਾਰਟ ਵਿੱਚ ਦਿਖਾਇਆ ਗਿਆ ਹੈ ਕਿ 6 ਜੂਨ, 2024 ਤੋਂ 13 ਜੁਲਾਈ, 2024 ਤੱਕ, ਮੁੱਖ ਮੰਤਰੀ ਨੇ ਦਿਨ ਵਿੱਚ ਤਿੰਨੇ ਭੋਜਨ ਲਈ ਪੂਰੀ ਤਜਵੀਜ਼ਸ਼ੁਦਾ ਖੁਰਾਕ ਨਹੀਂ ਖਾਧੀ ਸੀ। ਉਨ੍ਹਾਂ ਦੇ ਵਜ਼ਨ ਬਾਰੇ ’ਚ ਰਿਪੋਰਟ ’ਚ ਦੱਸਿਆ ਗਿਆ ਹੈ ਕਿ 2 ਜੂਨ 2024 ਨੂੰ ਮੁੱਖ ਮੰਤਰੀ ਦਾ ਭਾਰ 63.5 ਕਿਲੋਗ੍ਰਾਮ ਸੀ, ਜੋ ਹੁਣ 61.5 ਕਿਲੋਗ੍ਰਾਮ ਹੋ ਗਿਆ ਹੈ। ਅਜਿਹਾ ਘੱਟ ਕੈਲੋਰੀ ਲੈਣ ਕਾਰਨ ਹੋਇਆ ਹੈ। 18 ਜੂਨ 2024 ਨੂੰ ਨਾ ਤਾਂ ਉਨ੍ਹਾਂ ਨੂੰ ਇਨਸੁਲਿਨ ਦਿੱਤੀ ਗਈ ਤੇ ਨਾ ਹੀ ਜੇਲ੍ਹ ਅਧਿਕਾਰੀਆਂ ਨੇ ਤਤਕਾਲ ਰਿਪੋਰਟ ਵਿੱਚ ਦਰਜ ਕੀਤਾ। ਜ਼ਿਆਦਾਤਰ ਦਿਨਾਂ ਵਿੱਚ, ਗਲੂਕੋਮੀਟਰ ਟੈਸਟ ਰੀਡਿੰਗ ਤੇ CGMS ਰੀਡਿੰਗ ਵਿੱਚ ਅੰਤਰ ਹੁੰਦਾ ਹੈ। ਗਲੂਕੋਮੀਟਰ ਟੈਸਟ ਰੀਡਿੰਗਾਂ ਤੇ CGMS ਰੀਡਿੰਗਾਂ ਵਿਚਕਾਰ ਅੰਤਰਾਂ ਦੀ ਡਾਕਟਰੀ ਅਧਿਕਾਰੀਆਂ ਦੁਆਰਾ ਜਾਂਚ ਕੀਤੇ ਜਾਣ ਦੀ ਲੋੜ ਹੈ।

## ਜਨਮ ਦਿਨ ਮੁਬਾਰਕ



ਆਵਾਜ਼ਿ ਕੌਮ AWAZE QAUM International Newspaper & WEB TV

**ਮੰਨਤਪ੍ਰੀਤ ਕੌਰ**
ਪਿੰਡ ਗੋਪਾਲਪੁਰ ਜਿਲ੍ਹਾ ਸ੍ਰੀ ਅੰਮ੍ਰਿਤਸਰ ਨੂੰ ਅਦਾਰਾ ‘ਆਵਾਜ਼ਿ ਕੌਮ’ ਵੱਲੋਂ ਜਨਮਦਿਨ ਦੀਆਂ ਵਧਾਈਆਂ

ਰੋਜ਼ ਐਵਨਿਊ ਸਰਪੰਚ ਸੰਧੂ ਵੱਲੋਂ

# ਟ੍ਰਾਂਸਫਰ ਲਗਾਉਣ ਦਾ ਕੀਤਾ ਉਦਘਾਟਨ



**ਚੌਕ ਮਹਿਤਾ, 21 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਰੋਜ਼ ਐਵਨਿਊ ਰਾਮ ਤੀਰਥ ਰੋਡ ਵਿਖੇ ਗ੍ਰਾਮ ਪੰਚਾਇਤ ਅਜੇ ਨਗਰ ਸਰਪੰਚ ਜਸਪਾਲ ਸਿੰਘ ਸੰਧੂ ਵੱਲੋਂ ਵੈਸਟ ਡਿਵੀਜ਼ਨ ਐਕਸੀਅਨ ਹਰਜੀਤ ਸਿੰਘ ਦੇ ਵਿਸ਼ੇਸ਼ ਉਪਰਾਲੇ ਨਾਲ ਰੋਜ਼ ਐਵਨਿਊ ਦੀਆਂ ਕਲੋਨੀ ਵਾਸੀਆਂ ਨੂੰ ਆ ਰਹੀਆਂ ਬਿਜਲੀ ਦੇ ਲੋੜ ਵਧਾਉਣ ਸਬੰਧੀ ਮੁਸ਼ਕਲਾਂ ਨੂੰ ਹੱਲ ਕਰਦੇ ਹੋਏ ਨਵਾਂ ਟਰਾਂਸਫਾਰਮ ਲਗਾਉਣ ਦਾ ਉਪਰਾਲਾ ਕੀਤਾ ਗਿਆ ਸਰਪੰਚ ਸੰਧੂ ਕਲੋਨੀ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਕਲੋਨੀ ਦੀ ਪਾਰਕ ਵਿੱਚ ਲਗੇ ਓਪਨ ਜਿੰਮ ਅਤੇ ਪਾਰਕ ਡਿਵੈਲਪ ਕਰਨ ਜਲਦੀ ਹੀ ਪੂਰਾ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ...ਜਥੇਦਾਰ ਭੁਪਿੰਦਰ ਸਿੰਘ ,ਨੰਬਰਦਾਰ ਲਖਵਿੰਦਰ ਸਿੰਘ ,ਥਾਣੇਦਾਰ ਗੁਰਮੀਤ ਸਿੰਘ ,ਹਰਮੇਲ ਸਿੰਘ ਸਿੱਧੂ ,ਜਗਦੀਸ਼ ਸਿੰਘ ,ਹਰਭਜਨ ਸਿੰਘ , ਥਾਣੇਦਾਰ ਜਗਤਾਰ ਸਿੰਘ , ਐਕਸਾਈਜ ਇੰਸਪੈਕਟਰ ਮਨਮੋਹਨ ,ਗਿਆਨ ਸਿੰਘ , ਬਲਦੇਵ ਸਿੰਘ ,ਬਲਰਾਜ ਸਿੰਘ ਆਦਿ ਹਾਜਰ ਸਨ।

ਵਿਧਾਇਕ ਡਾ.ਸੰਧੂ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਾ ਕੀਤਾ ਵਾਧਾ

# ਯਾਦਗਾਰੀ ਹੋ ਨਿਬੜਿਆ 21ਵਾਂ ਰਾਜ-ਪੱਧਰੀ ਸਨਮਾਨ ਸਮਾਰੋਹ



**ਚੌਕ ਮਹਿਤਾ, 21 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ ਦੋ ਦਹਾਕਿਆਂ ਤੋਂ ਖੇਡ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਕੇ ਭਾਰਤ ਦੇ ਖੇਡ ਨਕਸ਼ੇ ਉੱਪਰ ਆਪਣਾ ਨਾਂਅ ਰੋਸ਼ਨ ਕਰਨ ਵਾਲੀ ਪੰਜਾਬ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਵੱਲੋਂ ਅੱਜ ਆਪਣੇ ਸਫਲਤਾਪੂਰਵਕ 21 ਸਾਲ ਪੂਰੇ ਕਰਨ ਦੀ ਖੁਸ਼ੀ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਦੇ ਬੇਹਤਰੀਨ ਪ੍ਰਬੰਧਾਂ ਹੇਠ 21ਵਾਂ ਰਾਜ-ਪੱਧਰੀ ਸਨਮਾਨ ਸਮਾਰੋਹ ਵਿਰਸਾ ਵਿਹਾਰ,ਗਾਂਧੀ ਗਰਾਊਂਡ, ਅੰਮ੍ਰਿਤਸਰ ਦੇ (ਕਰਤਾਰ ਸਿੰਘ ਦੁੱਗਲ ਹਾਲ) ਵਿਖੇ ਕਰਵਾਇਆ ਗਿਆ। ਜਿਸ ਸ਼ੁੱਭ ਆਰੰਭ ਮੁੱਖ ਮਹਿਮਾਨ ਹਲਕਾ ਪੱਛਮੀ ਦੇ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ ਅਤੇ ਐਂਨ .ਵਾਈ .ਐਸ ਹੌਸਪੀਟਲ,ਫਤਹਿਗੜ ਚੂੜੀਆਂ ਦੇ ਡਾਇਰੈਕਟਰ ਸੰਜੀਵ ਸ਼ਰਮਾ,ਮਾਯੰਕ ਖਿੰਦਰੀ ਡਾਇਰੈਕਟਰ ਸੋਸ਼ਲ ਮੀਡੀਆ,ਚੇਅਰਮੈਨ ਹਰਦੇਸ਼ ਸ਼ਰਮਾ,ਸਮਾਜ ਸੇਵਕ ਜੀਤ ਸਲੂਜਾ, ਰਾਜਿੰਦਰ ਸਿੰਘ ਮਰਵਾਹਾ ਅਤੇ ਬਾਵਾ ਸਿੰਘ ਸੰਧੂ ਨੇ ਛਮਾਂ ਰੋਸ਼ਨ ਕਰਕੇ ਕੀਤਾ। ਇਸ ਮੌਕੇ 8ਵੀਂ,10ਵੀਂ,12ਵੀਂ ਕਲਾਸ ਦੀਆ ਮੈਰਿਟ ਹੋਲਡਰ ਲੜਕੀਆਂ ਅਤੇ ਖੇਡ ਖੇਤਰ ’ਚ ਬੇਹਤਰੀਨ ਪ੍ਰਦਰਸ਼ਨ ਕਰਨ ਵਾਲੀਆ ਹੋਣਹਾਰ ਖ਼ਿਡਰਨਾ ਨੂੰ ਮਾਣ ਧੀਆਂ ’ਤੇ ਐਵਾਰਡ ਅਤੇ ਪ੍ਰਿੰਸੀਪਲ,ਅਧਿਆਪਕ,ਸਮਾਜ ਸੇਵਕ,ਲੇਖਕ,ਇੰਟਰਨੈਸ਼ਨਲ,ਨੈਸ਼ਨਲ ਖ਼ਿਡਾਰੀਆ, ਵਾਤਾਵਰਨ ਪ੍ਰੇਮੀਆਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਆਪਣੀਆਂ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ (120 ਦੇ ਕਰੀਬ) ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਨਾਇਆ ਸੇਠ,ਨਾਇਰਾ ਸੇਠ,ਹੂਨੈਰਾ ਚੱਠਾ,ਏਜ਼ਲ, ਅਰਹਾਨਦੀਪ ਸਿੰਘ ਅਤੇ ਨਿਕੁੰਜ ਸੇਠ (ਸਾਰੇ ਇੰਟਰਨੈਸ਼ਨਲ ਯੋਗਾ ਖਿਡਾਰੀ) ਨੂਰਪ੍ਰੀਤ ਕੌਰ (ਨੈਸ਼ਨਲ ਫੁੱਟਬਾਲ ਖਿਡਾਰੀਆ) ਅਤੇ 8ਵੀਂ ਕਲਾਸ ਦੀਆ ਮੈਰਿਟ ਹੋਲਡਰ ਲੜਕੀਆਂ- ਗੁਰਲੀਨ ਕੌਰ,ਹਰਲੀਨ ਕੌਰ,ਸੀਤਾ,ਪ੍ਰਭਨੂਰ ਕੌਰ, ਜਸਲੀਨ ਕੌਰ,ਮੰਨਤ,10ਵੀਂ ਕਲਾਸ ਦੀਆ ਮੈਰਿਟ ਹੋਲਡਰ ਲੜਕੀਆਂ ਕਰਮਨਪ੍ਰੀਤ ਕੌਰ,ਮਨਦੀਪ ਕੌਰ,ਕਰਮਨਪ੍ਰੀਤ ਕੌਰ, ਗੁਰਪ੍ਰੀਤ ਕੌਰ,ਨਵਨੀਤ ਕੌਰ,ਹਰਮਨਪ੍ਰੀਤ ਕੌਰ,ਰੂਪ ਕੁਮਾਰੀ,ਸਨੇਹਾ,ਜਸ਼ਨਦੀਪ ਕੌਰ,ਤਨਿਸ਼ਕਾ, ਕ੍ਰਿਸ਼ਮਾ, ਅਦਿਤੀ ਕੁਮਾਰੀ, ਨਵਜੋਤ ਕੌਰ ਨੂੰ “ਮਾਣ ਧੀਆਂ ’ਤੇ ਐਵਾਰਡ ਨਾਲ ਸਨਮਾਨਿਤ ਕੀਤਾ ਅਤੇ ਖੇਡ ਖੇਤਰ ਦੀਆਂ ਪ੍ਰਸਿੱਧ ਸਖ਼ਸੀਅਤਾਂ ਰਾਜੇਸ਼ ਕੌਸ਼ਿਕ (ਸਾਈਕਲਿੰਗ ਕੋਚ ਜੀਐਂਨਡੀਯੂ), ਭੁਪਿੰਦਰ ਕੁਮਾਰ (ਸਾਈਕਲਿੰਗ ਕੋਚ),ਅਰੁਣ ਕੁਮਾਰ (ਜਿਲ੍ਹਾ ਸਪੋਰਟਸ ਕੋਆਡੀਨੇਟਰ ਪਠਾਨਕੋਟ),ਹਰਜਿੰਦਰ ਸਿੰਘ ਪਠਾਨਕੋਟ, ਰਾਜ ਕੁਮਾਰ ਪਠਾਨਕੋਟ, ਮਨਜੀਤ ਸਿੰਘ ਪਠਾਨਕੋਟ, ਅਮਿਤ ਗੁਪਤਾ ਪਠਾਨਕੋਟ, ਹਰਜੀਤ ਕੌਰ ਅਤੇ ਕੇਸ਼ਵ ਕੋਹਲ਼ੀ, ਗਾਰਗੀ ਸ਼ਰਮਾ,ਸਰਬਜੀਤ ਸਿੰਘ ਸੁਧਾਰ,ਅਤੇ ਦਵਿੰਦਰ ਸਿੰਘ ਨੰਗਲੀ (ਸਾਰੇ ਖੇਡ ਅਧਿਆਪਕ), ਰਣਜੀਤ ਸਿੰਘ ਹਰਸ਼ਾ ਛੀਨਾ,ਨੀਤੂ,ਹਰਮਨਜੀਤ ਸਿੰਘ,ਅਤੇ ਪ੍ਰਦੀਪ ਸਿੰਘ (ਸਾਰੇ ਕਬੱਡੀ ਕੋਚ), ਨਰਪਿੰਦਰ ਸਿੰਘ ਅਤੇ ਸੰਜੇ ਕੁਮਾਰ (ਯੋਗਾ ਕੋਚ), ਗੁਰਪ੍ਰੀਤ ਸਿੰਘ ਰੰਧਾਵਾ (ਫੁੱਟਬਾਲ ਕੋਚ),ਅੰਗਰੇਜ਼ ਸਿੰਘ (ਐਥਲੇਟਿਕਸ ਕੋਚ ਤਰਨਤਾਰਨ) ਅਤੇ ਜ਼ਿਲ੍ਹੇ ਦੀਆਂ ਪ੍ਰਸਿੱਧ ਸਖ਼ਸੀਅਤਾਂ- ਡਾ.ਅਮਰਜੀਤ ਸਿੰਘ ਸਚਦੇਵਾ, ਮਨਦੀਪ ਸਿੰਘ, ਅਰਚਨਾ ਠਾਕੁਰ,ਸਬ ਇੰਸਪੈਕਟਰ ਦਲਜੀਤ ਸਿੰਘ,ਸੁਖਦੇਵ ਸਿੰਘ (ਸਮਾਜ ਸੇਵਕ),ਮਿਸ .ਵਿਪਨਪ੍ਰੀਤ ਕੌਰ,ਮਿਸਜ਼ ਪੰਜਾਬ ਜੋਤੀ, ਪੂਜਾ ਰਮਦਾਸ,ਮੈਨੇਜਰ ਗੋਬਿੰਦ ਕੁਮਾਰ (ਸਾਰੇ ਸਮਾਜ ਸੇਵਕ,ਗੁਰਦੇਵ ਸਿੰਘ ਸੋਨੂੰ ਜਗਦੇਵ ਕਲਾਂ,ਸ.ਭੁਪਿੰਦਰ ਸਿੰਘ ਜਗਦੇਵ ਕਲਾਂ ਅਤੇ ਨਿਰਮਲ ਸਿੰਘ ਆਨੰਦ,(ਸਾਰੇ ਵਾਤਾਵਰਨ ਪ੍ਰੇਮੀ), ਬੀਨੂੰ ਕਪੂਰ (ਮੇਕਅੱਪ ਆਰਟਿਸਟ),ਡਾਇਰੈਕਟਰ ਰਣਜੀਤ ਕੌਰ ਸੰਧੂ,ਪ੍ਰਿੰ. ਮਨਮੀਤ ਕੌਰ,ਪ੍ਰਿੰ.ਪ੍ਰਮਜੀਤ ਕੌਰ, ਪ੍ਰਿੰ.ਅਮਰਜੀਤ ਕੌਰ,ਪ੍ਰਿੰ.ਕੰਚਨ ਮਲਹੋਤਰਾ, ਪ੍ਰਿੰ.ਕੁਲਵਿੰਦਰ ਕੌਰ ਅਤੇ ਹਰਪ੍ਰੀਤ ਸਿੰਘ ਚਾਵਲਾ (ਸਾਰੇ ਪ੍ਰਿੰਸੀਪਲ) ਮਨਜਿੰਦਰ ਸਿੰਘ ਔਲਖ (ਹੈੱਡ ਮਾਸਟਰ ਕਮ ਨੋਡਲ ਅਫ਼ਸਰ ਜੰਡਿਆਲਾ ਗੁਰੂ), ਲੈਕਚਰਾਰ ਅਮਨ ਸ਼ਰਮਾ, ਲੈਕਚਰਾਰ ਕਮਲਜੀਤ ਕੌਰ, ਅਤੇ ਸਤਿੰਦਰ ਸਿੰਘ ਓਠੀ (ਪੰਜਾਬੀ ਅਧਿਆਪਕ ਤੇ ਲੇਖਕ) ਅਖੀਰ ਵਿੱਚ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ ਨੇ ਆਪਣੇ ਸੰਬੋਧਨ ਚ ਕਿਹਾ ਜਲਦ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਨਵੀਂ ਖੇਡ ਨੀਤੀ ਲਾਗੂ ਹੋ ਰਹੀ ਹੈ। ਜਿਸ ਵਿੱਚ ਨਵੇਂ ਖਿਡਾਰੀਆਂ ਅਤੇ ਉਹਨਾਂ ਦੇ ਕੋਚਾ ਨੂੰ ਲਾਭ ਮਿਲੇਗਾ ਇਸ ਤੋਂ ਇਲਾਵਾ ਉਹਨਾਂ ਨੇ ਕਲੱਬ ਦੀਆ 21 ਸਾਲ ਪੁਰਾਣੀਆਂ ਗਤੀਵਿਧੀਆਂ ਤੋਂ ਖ਼ੁਸ਼ ਹੋ ਕੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੂੰ ਪਿੱਠ ਥਾਪੜਾ ਦਿੱਤਾ। ਇਸ ਮੌਕੇ ਸਟੇਜ ਸੈਕਟਰੀ ਦੀ ਭੂਮਿਕਾ ਮਨਜਿੰਦਰ ਸਿੰਘ ਔਲਖ ਅਤੇ ਗੁਰਮੀਤ ਸਿੰਘ ਸੰਧੂ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਪੀਏ ਅਮਰਜੀਤ ਸਿੰਘ ਸ਼ੇਰਗਿੱਲ,ਪੀਏ ਮਾਧਵ,ਸ਼੍ਰੀਮਤੀ ਵੀਨਾ ਬਲਜਿੰਦਰ ਸਿੰਘ ਮੱਟੂ, ਅਮਨਦੀਪ ਸਿੰਘ, ਦਮਨਪ੍ਰੀਤ ਕੌਰ ਅਤੇ ਕੰਵਲਜੀਤ ਸਿੰਘ ਵਾਲੀਆ ਉਚੇਚੇ ਤੌਰ ਤੇ ਹਾਜ਼ਰ ਸਨ।

# ਕੁਦਰਤੀ ਆਫ਼ਤ ਤੋਂ ਬਚਣ ਲਈ ਹਰੇਕ ਪੰਜਾਬ ਵਾਸੀ ਨੂੰ ਬੂਟੇ ਲਗਾਉਣੇ ਚਾਹੀਦੇ ਹਨ ਬਾਬਾ ਜਾਵੰਦ ਸਿੰਘ ਭੰਗਵਾਂ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਬੂਟੇ ਵੰਡੇ ਗਏ



**ਜੰਡਿਆਲਾ ਗੁਰੂ, 21 ਜੁਲਾਈ (ਕੁਲਵੰਤ ਸਿੰਘ ਵਿਰਦੀ )**-ਗਰਮੀ ਦੇ ਵਧਦੇ ਪ੍ਰਕੋਪ ਨੂੰ ਦੇਖਦਿਆਂ ਹੋਇਆਂ ਜਿਥੇ ਪੰਜਾਬ ਸਰਕਾਰ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਪ੍ਰਸ਼ਾਸਨ ਵੱਲੋਂ ਵੀ ਬੂਟੇ ਲਗਾਉਣ ਲਈ ਬੇਨਤੀ ਕੀਤੀ ਜਾ ਰਹੀ ਹੈ ਉਥੇ ਵੱਖ ਵੱਖ ਸਮਾਜ ਸੇਵਕ ਜਥੇਬੰਦੀਆਂ ਵੱਲੋਂ ਵੀ ਬੂਟੇ ਲਗਾਉਣ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਬੀਤੇ ਦਿਨ ਬਾਬਾ ਜਵੰਦ ਸਿੰਘ ਜੀ ਭੰਗਵਾਂ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਪਿੰਡ ਤਾਰਾਗੜ੍ਹ ਤੋਂ ਵਾਤਾਵਰਨ ਬਚਾਓ ਕਮੇਟੀ ਵੱਲੋਂ ਫ੍ਰੀ ਬੂਟੇ ਵੰਡਣ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਲਵਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਾਫ਼ੀ ਹਫ਼ਤਿਆਂ ਤੋਂ ਜਿੱਥੇ ਬੂਟੇ ਲਗਾਉਣ ਦੀ ਸੇਵਾ ਨਿਭਾਈ ਜਾ ਰਹੀ ਸੀ ਉੱਥੇ ਬੂਟੇ ਵੰਡਣ ਦੀ ਸੇਵਾ ਵੀ ਅੱਜ ਬਾਬਾ ਜਵੰਦ ਸਿੰਘ ਜੀ ਦੇ ਜਨਮ ਅਸਥਾਨ ਵਿਖੇ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰਨ ਅਤੇ ਦਰਸ਼ਨ ਕਰਨ ਆ ਰਹੀਆਂ ਸੰਗਤਾਂ ਨੂੰ ਸੈਂਕੜਿਆਂ ਦੇ ਹਿਸਾਬ ਨਾਲ ਬੂਟੇ ਵੰਡੇ ਗਏ ਜਿਨ੍ਹਾਂ ਵਿੱਚ ਪਿੰਡ ਢੋਟੇ ਦੇ ਨੌਜਵਾਨਾਂ ਵੱਲੋਂ ਅੰਬ ਅਮਰੂਦ ਆਦਿ ਦੇ ਫਲਦਾਰ 400 ਬੂਟੇ ਵੰਡਣ ਲਈ ਭੇਟ ਕੀਤੇ ਗਏ 9 ਅੱਗੇ ਉਨ੍ਹਾ ਕਿਹਾ ਕਿ ਐਸ਼ੇ ਉਪਰਾਲੇ ਪੰਜਾਬ ਦੇ ਹਰ ਇੱਕ ਪਿੰਡ ਵਿੱਚ ਪਿੰਡ ਪੱਧਰ ਤੇ ਹੋਣੇ ਚਾਹੀਦੇ ਹਨ ਤਾਂ ਜੋ ਆਉਣ ਵਾਲੇ ਸਮੇਂ ਦੌਰਾਨ ਮੌਸਮ ਨੂੰ ਲੈ ਕਿ ਚੰਗੀ ਖ਼ਬਰ ਸੁਨਣ ਨੂੰ ਮਿਲ ਸਕੇ ਕਿਉਂਕਿ ਇਸ ਸਮੇਂ ਗਰਮੀ ਦਾ ਪ੍ਰਕੋਪ ਬਹੁਤ ਜ਼ਿਆਦਾ ਵੱਧ ਚੁੱਕਾ ਹੈ ਅਤੇ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਇਥੋਂ ਤੱਕ ਕਿ ਪੰਜਾਬ ਦੇ ਕੁਝ ਜ਼ਿਿਲ੍ਹਆਂ ਵਿੱਚ ਗਰਮੀ ਦੇ ਪ੍ਰਕੋਪ ਦੇ ਨਾਲ ਨਾਲ ਪਾਣੀ ਪੀਣ ਲਈ ਵੀ ਨਹੀਂ ਮਿਲ ਰਿਹਾ ਜ਼ਮੀਨਾਂ ਬੰਜ਼ਰ ਹੋਣ ਦੀਆਂ ਖਬਰਾਂ ਸੁਨਣ ਨੂੰ ਮਿਲ ਰਹੀਆਂ ਹਨ ਇਸ ਲਈ ਹਰੇਕ ਪੰਜਾਬ ਵਾਸੀ ਨੂੰ ਬੂਟੇ ਲਗਾਉਣ ਅਤੇ ਬੂਟਿਆਂ ਦੀ ਦੇਖਭਾਲ ਲਈ ਵਚਨਬੱਧ ਹੋਣਾ ਪਵੇਗਾ ਅਤੇ ਪਵਨਿ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਨੂੰ ਮੰਨਣਾ ਪਵੇਗਾ ਅਤੇ ਤਾਂ ਹੀ ਇਹ ਕੀਤੇ ਉਪਰਾਲੇ ਸਫ਼ਲ ਹੋ ਸਕਦੇ ਹਨ ਅਤੇ ਕੁਦਰਤੀ ਆਫ਼ਤ ਤੋਂ ਬਚਿਆ ਜਾ ਸਕਦਾ ਹੈ ਅੱਗੇ ਉਨ੍ਹਾ ਕਿਹਾ ਕਿ ਬੂਟੇ ਲਗਾਉਣ ਅਤੇ ਵੰਡਣ ਲਈ ਵਿਸ਼ੇਸ਼ ਸਹਿਯੋਗੀ ਦਲਜੀਤ ਸਿੰਘ ਜੋਸ਼ਨ, ਸਤਿੰਦਰ ਸਿੰਘ ਜੋਸ਼ਨ, ਦਵਿੰਦਰ ਸਿੰਘ ਜੋਸ਼ਨ, ਅੰਮ੍ਰਿਤਪਾਲ ਸਿੰਘ ਜੋਸ਼ਨ, ਜੋਬਨਜੀਤ ਸਿੰਘ ਜੋਸ਼ਨ, ਜੋਬਨਜੀਤ ਸਿੰਘ UK, ਜਤਿੰਦਰ ਸਿੰਘ ਜੋਸ਼ਨ, ਜਸ਼ਨਦੀਪ ਸਿੰਘ ਜੋਸ਼ਨ, ਗੁਰਪ੍ਰੀਤ ਸਿੰਘ ਟੁਰਨਾ, ਬਲਜਿੰਦਰ ਸਿੰਘ ਜੋਸ਼ਨ, ਸਾਹਿਲ ਸ਼ਾਹ, ਦਲਜੀਤ ਸਿੰਘ ਮਾਸਟਰ,ਸਮਾਇਲਦੀਪ ਸਿੰਘ ਕੈਨੇਡਾ, ਸਰਬਜੀਤ ਸਿੰਘ ਜੋਸ਼ਨ,ਆਦਿ ਅਤੇ ਵਾਤਾਵਰਨ ਬਚਾਓ ਕਮੇਟੀ ਵੱਲੋਂ ਪਿੰਡ ਢੋਟੇ ਦੇ ਨੌਜਵਾਨਾਂ ਦਾ ਵਿਸ਼ੇਸ਼ ਤੌਰ ਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

# ਡਿਊਟੀ ਦੌਰਾਨ ਛਿੱਤ ਲਾਈਨਮੈਨ ਦੀ ਮੌਤ



**ਚੌਕ ਮਹਿਤਾ, 21 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਬ ਡਵੀਜ਼ਨ ਉੱਦੋਕੇ ਅਧੀਨ ਡਿਊਟੀ ਕਰਦੇ ਲਾਈਨਮੈਨ ਗੁਰਮੇਜ ਸਿੰਘ ਦੀ ਡਿਊਟੀ ਦੌਰਾਨ ਮੌਤ ਹੋ ਜਾਣ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ ਡਵੀਜ਼ਨ ਉੱਦੋਕੇ ਦੇ ਐਸ ਡੀ ਓ ਰਜਵੰਤ ਸਿੰਘ ਨੇ ਦੱਸਿਆ ਕਿ ਲਾਈਨਮੈਨ ਗੁਰਮੇਜ ਸਿੰਘ ਵਾਸੀ ਪਿੰਡ ਛਿੱਤ ਜੋ ਕਿ ਥੋੜਾ ਸਮਾਂ ਪਹਿਲਾਂ ਹੀ ਸਹਾਇਕ ਲਾਈਨਮੈਨ ਤੋਂ ਤਰੱਕੀ ਕਰਕੇ ਲਾਈਨਮੈਨ ਬਣਿਆ ਸੀ, ਪਿਛਲੇ 27 ਸਾਲਾਂ ਤੋਂ ਬਿਜਲੀ ਵਿਭਾਗ ਵਿਭਾਗ ਵਿੱਚ ਸੇਵਾ ਨਿਭਾਅ ਰਿਹਾ ਸੀ। ਬੀਤੇ ਕੱਲ੍ਹ ਦੁਪਿਹਰੋਂ ਬਾਆਦ ਡਿਊਟੀ ਦੌਰਾਨ ਅਚਾਨਕ ਹੀ ਉਸਦੀ ਸਿਹਤ ਵਿਗੜ ਗਈ ਅਤੇ ਉਸਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਆਪਣੀ ਪਤਨੀ,ਦੋ ਧੀਆਂ ਅਤੇ ਇੱਕ ਪੁੱਤਰ ਛੱਡ ਗਿਆ। ਅੱਜ ਉਸਦਾ ਅੰਤਿਮ ਸੰਸਕਾਰ ਪਿੰਡ ਛਿੱਤ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਐਸ ਡੀ ਓ ਰਜਵੰਤ ਸਿੰਘ,ਜੇ ਈ ਵਿਕਰਮਜੀਤ ਸਿੰਘ,ਜੇ ਈ ਬਲਵਿੰਦਰਜੀਤ ਸਿੰਘ, ਜੇ ਈ ਸੁਰਜੀਤ ਸਿੰਘ, ਜੇ ਈ ਨਰਿੰਦਰ ਸਿੰਘ , ਜੋਗਿੰਦਰ ਸਿੰਘ ਕਾਦਰਾਂਬਾਦ, ਨਿਸ਼ਾਨ ਸਿੰਘ ਜੈਂਤੀਪੁਰ, ਹੋਰ ਬਿਜਲੀ ਮੁਲਾਜਮ,ਸਰਪੰਚ ਅਵਤਾਰ ਸਿੰਘ ਗਿੱਲ ਅਤੇ ਇਲਾਕੇ ਦੇ ਹੋਰ ਪਤਵੰਤੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਮੁਲਾਜ਼ਮਾਂ ਦੇ ਹੱਕਾਂ ਲਈ ਰਣਵੀਰ ਢਿੱਲੋ ਵਲੋਂ ਕੀਤਾ ਸੰਘਰਸ਼ ਕਿਰਤੀਆਂ ਕਾਮਿਆਂ ਲਈ ਹਮੇਸ਼ਾ ਮਿਸਾਲ ਬਣਿਆ ਰਹੇਗਾ : ਪ੍ਰੋ. ਬਡੂੰਗਰ



**ਪਟਿਆਲਾ , 21 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਦੇ ਹੱਕਾਂ ਲਈ ਤਿੱਖਾ ਹਮੇਸ਼ਾ ਤਤਪਰ ਅਤੇ ਸੰਘਰਸ਼ ਕਰਦੀਆਂ ਰਹੀਆਂ ਪ੍ਰਮੁੱਖ ਜਥੇਬੰਦੀਆਂ ਪੰਜਾਬ ਸੁਬੋਰਡੀਨੇਟ ਸਰਵਿਸਿਸ ਫੈਡਰੇਸ਼ਨ ਦੇ ਪ੍ਰਧਾਨ ਰਣਵੀਰ ਸਿੰਘ ਢਿੱਲੋ ਸੀਪੀਆਈ, ਤਰਲੋਚਨ ਸਿੰਘ ਰਾਣਾ ਸੀਪੀਆਈਐਮ ਤੇ ਅਕਾਲੀ ਦਲ ਦੀ ਜਥੇਬੰਦੀ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕੀਤੀ।ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਅਕਾਲੀ ਦਲ ਦੀ ਪ੍ਰਮੁੱਖ ਜਥੇਬੰਦੀ ਜੋ ਮੁਲਾਜ਼ਮਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਦੀ ਰਹੀ ਦੇ ਪ੍ਰਧਾਨ ਚਰਨਜੀਤ ਸਿੰਘ ਵਾਲੀਆ ਅਤੇ ਜਨਰਲ ਸਕੱਤਰ ਵਜੋਂ ਉਹ ਖੁਦ ਅਹੁਦੇ ਤੇ ਸੇਵਾਵਾਂ ਨਿਭਾਉਦੇ ਰਹੇ । ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸੁਬੋਰਡੀਨੇਟ ਸਰਵਿਸਿਸ ਫੈਡਰੇਸ਼ਨ ਦੇ ਪ੍ਰਧਾਨ ਰਣਵੀਰ ਸਿੰਘ ਢਿੱਲੋ ਸੀਪੀਆਈ ਦੀ ਮੌਤ ਤੇ ਕਹਿ ਰਹੇ ਦੁੱਖ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਇਸ ਨਾਲ ਪੰਜਾਬ ਦੇ ਮੁਲਾਜ਼ਮਾਂ ਅਤੇ ਜਥੇਬੰਦੀਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਕਿਉਂਕਿ ਉਹ ਪੰਜਾਬ ਦੇ ਕਿਰਤੀ ਕਾਮਿਆਂ ਵਾਸਤੇ ਹਮੇਸ਼ਾ ਸੰਘਰਸ਼ਸ਼ੀਲ ਰਹੇ ਦੇ ਮੁਲਾਜ਼ਮਾਂ ਦੀਆਂ ਮੰਗਾਂ ਮਨਾਉਣ ਵਿੱਚ ਹਮੇਸ਼ਾ ਮੋਹਰੀ ਹੋ ਕੇ ਸੇਵਾਵਾਂ ਨਿਭਾਉਂਦੇ ਰਹੇ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਰਣਬੀਰ ਸਿੰਘ ਢਿੱਲੋ ਵੱਲੋਂ ਨਿਭਾਈਆਂ ਗਈਆਂ ਮੁਲਾਜ਼ਮ ਹਿਤੈਸ਼ੀ ਅਤੇ ਮੁਲਾਜ਼ਮਾਂ ਦੇ ਹੱਕਾਂ ਲਈ ਕੀਤਾ ਗਿਆ ਸੰਘਰਸ਼ ਹਮੇਸ਼ਾ ਕਿਰਤੀਆਂ ਕਾਮਿਆਂ ਲਈ ਹਮੇਸ਼ਾ ਮਿਸਾਲ ਬਣਿਆ ਰਹੇਗਾ।

## ਗੁਰਦੁਆਰਾ ਠਾਠ ਨਾਨਕਸਰ ਗੋਬਿੰਦ ਨਗਰ ਖਾਈ ਫੇਮੇਕੀ ਵਿਖੇ

# ਸਾਉਣ ਦੀ ਪੂਰਨਮਾਸੀ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ







**ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਗੋਬਿੰਦ ਨਗਰ ਖਾਈ ਫੇਮੇਕੀ ਵਿਖੇ ਸਾਉਣ ਦੀ ਪੂਰਨਮਾਸੀ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਜ਼ਸ ਸੁਣਾ ਕੇ ਨਿਹਾਲ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਗੋਬਿੰਦ ਨਗਰ ਖਾਈ ਫੇਮੇਕੀ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਅਜੀਤਪਾਲ ਸਿੰਘ ਪਾਲੀ ਨੇ ਕਥਾ ਕਰਦਿਆਂ ਆਖਿਆ ਕਿ ਸਾਨੂੰ ਉਠਦੇ ਬੈਠਦੇ ਸਵੇਰੇ ਸ਼ਾਮ ਵੱਧ ਤੋਂ ਵੱਧ ਗੁਰਬਾਣੀ ਦੇ ਪਾਠ ਕਰਨੇ ਚਾਹੀਦੇ ਹਨ, ਗੁਰਬਾਣੀ ਪੜਨ ਨਾਲ ਗੁਰਬਾਣੀ ਸੁਨਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ। ਬਾਬਾ ਜੀ ਨੇ ਅੱਗੇ ਕਿਹਾ ਕਿ ਧੰਨ—ਧੰਨ ਬਾਬਾ ਨੰਦ ਸਿੰਘ ਜੀ, ਧੰਨ—ਧੰਨ ਬਾਬਾ ਕੁੰਦਨ ਸਿੰਘ ਜੀ, ਧੰਨ—ਧੰਨ ਬਾਬਾ ਈਸ਼ਰ ਸਿੰਘ ਜੀ ਜ਼ੋ ਕਿ ਰੱਬੀ ਰੂਹਾਂ ਹਨ, ਜਿਨ੍ਹਾਂ ਨੇ ਸਮੂਹ ਲੋਕਾਈ ਨੂੰ ਸਿੱਧੇ ਰਸਤੇ ਪਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਨਾਇਆ ਅਤੇ ਲੱਖਾਂ ਲੋਕਾਂ ਨੂੰ ਗੁਰੂ ਘਰ ਨਾਲ ਜ਼ੋੜਿਆ। ਬਾਬਾ ਜੀ ਨੇ ਅੱਗੇ ਕਿਹਾ ਕਿ ਧੰਨ—ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਬਹੁਤ ਵੱਡਾ ਖਜਾਨਾ ਹੈ, ਜ਼ੋ ਕਿ ਕਿਸੇ ਚੰਗੇ ਮਹਾਂ ਪੁਰਸ਼ ਤੋਂ ਲੁਟਣ ਦੀ ਜਾਂਚ ਸਿਖਣੀ ਚਾਹੀਦੀ ਹੈ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਬੂਟਾ ਸਿੰਘ, ਬਾਬਾ ਗੁਰਪ੍ਰੀਤ ਸਿੰਘ ਗੋਰਾ, ਲਵਪ੍ਰੀਤ ਸਿੰਘ, ਮਨਜੀਤ ਸਿੰਘ, ਬਾਬਾ ਦਿਲਬਾਗ ਸਿੰਘ ਤੋਂ ਇਲਾਵਾ ਗੁਰਦੁਆਰਾ ਠਾਠ ਨਾਨਕਸਰ ਗੋਬਿੰਦ ਨਗਰ ਖਾਈ ਫੇਮੇਕੀ ਦੇ ਹਜ਼ੂਰੀ ਵਜੀਰ ਜ਼ਸਵੰਤ ਸਿੰਘ ਜੱਗਾ ਵੀ ਹਾਜ਼ਰ ਸਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਰਿਸ਼ਵਤਖੋਰੀ ਬੰਦ ਕਰਾਉਣ ਲਈ ਰਿਸ਼ਵਤ ਖੋਰ ਅਫਸਰਾਂ, ਮੁਲਾਜਮਾਂ ਅਤੇ ਲੀਡਰਾਂ ਦੇ ਚਿਹਰੇ ਲੋਕਾਂ ਸਹਾਮਣੇ ਲਿਆਂਦੇ ਜਾਣਗੇ—ਗੁਰਚਰਨ ਸਿੰਘ ਭੁੱਲਰ

# ਪਾਰਟੀ ਦਾ ਢਾਂਚਾ ਮਜਬੂਤ ਕਰਨ ਤੇ ਸ਼੍ਰੋਮਣੀ ਕਮੇਟੀ ਦੀ ਵੋਟਾਂ ਬਨਾਉਣ ਸਬੰਧੀ ਹੋਈ ਮੀਟਿੰਗ : ਭੁੱਲਰ

**ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ) :—** ਅੱਜ ਇੱਕ ਮੀਟਿੰਗ ਗੁਰਚਰਨ ਸਿੰਘ ਭੁੱਲਰ ਪੀ.ਏ.ਸੀ ਮੈਂਬਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਜ਼ਿਲਾ ਪ੍ਰਧਾਨ ਫਿਰੋਜ਼ਪੁਰ ਦੇ ਗ੍ਰਹਿ ਨਿਊ ਸਤੀਏ ਵਾਲਾ ਵਿਖੇ ਹੋਈ। ਜਿਸ ਵਿੱਚ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਢਾਂਚੇ ਨੂੰ ਪਿੰਡ ਪੱਧਰ ਤੱਕ ਮਜਬੂਤ ਕਰਨ ਲਈ ਵਿਚਾਰਾਂ ਕੀਤੀਆਂ ਗਈਆ ਅਤੇ ਪਾਰਟੀ ਦੇ ਨੁਮਾਇੰਦਿਆ ਨੂੰ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਿੰਡਾਂ ਵਿੱਚ ਕਮੇਟੀਆਂ ਬਨਾਉਣ ਵਾਸਤੇ ਆਪੋ—ਆਪਣਾ ਯੋਗਦਾਨ ਪਾਉਣ ਲਈ ਕਿਹਾ ਗਿਆ। ਇਸ ਮੌਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਨਾਉਣ ਦੀ ਤਾਰੀਕ ਇਸੇ ਮਹੀਨੇ ਖਤਮ ਹੋ ਜਾਣੀ ਹੈ, ਬਾਰੇ ਵਿਚਾਰ ਕਰਦਿਆਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਵੋਟਾਂ ਨਹੀਂ ਬਣਵਾਈਆਂ ਉਨ੍ਹਾਂ ਪਿੰਡਾ ਦੇ ਗ੍ਰੰਥੀ ਸਿੰਘ ਸਾਹਿਬਾਨਾਂ ਰਾਹੀ ਅਨਾਊਂਸਮੈਂਟ ਕਰਵਾਈ ਜਾਵੇ ਤਾਂ ਕਿ ਲੋਕ ਜਲਦੀ ਆਪਣੀਆਂ ਵੋਟਾਂ ਬਣਾ ਸਕਣ। ਸ੍ਰੀ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅੱਜ ਪੰਜਾਬ ਦੀ ਨੌਜਵਾਨੀ ਨਸ਼ਿਆਂ ਦੇ ਸਮੁੰਦਰ ਵਿੱਚ ਖਤਮ ਹੋ ਰਹੀ ਹੈ ਅਤੇ ਦਫ਼ਤਰਾਂ ਵਿੱਚ ਰਿਸ਼ਵਤਖੋਰੀ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਾਰਨ ਆਮ ਪਬਲਿਕ ਇਸ ਸਰਕਾਰ ਤੋਂ ਬਹੁਤ ਦੁੱਖੀ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਕਾਰਨ ਅੱਜ ਨਸ਼ਿਆ ਦਾ ਦਰਿਆ ਪੰਜਾਬ ਵਿੱਚ ਵਗ ਰਿਹਾ ਹੈ, ਰਿਸਵਤਖੋਰੀ ਕਾਰਨ ਪੰਜਾਬ ਦਾ ਮਾਹੌਲ ਖ਼ਰਾਬ ਹੋ ਰਿਹਾ ਹੈ, ਰਿਸਵਤਖੋਰੀ ਕਾਰਨ ਅੱਜ ਪੜ੍ਹੇ—ਲਿਖੇ ਸੂਝਵਾਨ ਨੌਜਵਾਨਾਂ ਨੂੰ ਨੌਕਰੀ ਨਹੀ ਮਿਲ ਰਹੀਆਂ, ਰਿਸਵਤਖੋਰੀ ਕਾਰਨ ਕੁਝ ਮੁਲਾਜ਼ਮ, ਅਫਸਰ ਤੇ ਲੀਡਰਸ਼ਿਪ ਪੰਜਾਬ ਨੂੰ ਕੰਗਾਲ ਕਰ ਰਹੀ ਹੈ ਅਤੇ ਆਪੋ—ਆਪਣੇ ਘਰ ਭਰਨ ਵਿਚ ਲੱਗੇ ਹੋਏ ਹਨ, ਕਿਸੇ ਵੀ ਇਮਾਨਦਾਰ ਅਫਸਰ ਜਾਂ ਮੁਲਾਜਮ ਨੂੰ ਉਨ੍ਹਾਂ ਸੀਟਾਂ ਤੇ ਨਹੀਂ ਲਗਾਇਆ ਜਾਂਦਾ ਜਿਥੇ ਜਿਆਦਾ ਰਿਸ਼ਵਤ ਚੱਲਦੀ ਹੈ ਕਿਉਂਕਿ ਜੇਕਰ ਉਹ ਅੱਗੇ ਆ ਗਏ ਤਾਂ ਰਿਸ਼ਵਤ ਬੰਦ ਹੋ ਜਾਵੇਗੀ ਤੇ ਇਨ੍ਹਾਂ ਲੁਟਰਿਆਂ ਦੇ ਕਾਰੋਬਾਰ ਬੰਦ ਹੋ ਜਾਣਗੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਹਿਲਾਂ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਮਹਿਮ ਚਲਾਏਗੀ, ਸੈਂਟਰ ਅਤੇ ਪੰਜਾਬ ਸਰਕਾਰ ਜਿਥੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜਬਤ ਕਰ ਰਹੀਆਂ ਹਨ ਉਥੇ ਰਿਸ਼ਵਤਖੋਰ ਮੁਲਾਜਮਾਂ, ਅਫਸਰਾਂ ਤੇ ਲੀਡਰਾਂ ਦੀਆਂ ਵੀ ਜਾਇਦਾਦਾਂ ਜਬਤ ਕੀਤੀਆਂ ਜਾਣ ਤਾਂ ਕਿ ਪੰਜਾਬ ਦਾ ਮਾਹੌਲ ਸਹੀ ਹੋ ਸਕੇ। ਇਸ ਸਮੇਂ ਯੂਥ ਪ੍ਰਧਾਨ ਗੁਰਵਿੰਦਰ ਸਿੰਘ, ਸੀਨੀ ਮੀਤ ਪ੍ਰਧਾਨ ਸੂਰਤ ਸਿੰਘ ਮਮਦੋਟ, ਪਾਰਟੀ ਦਾ ਮੁੱਖ ਬੁਲਾਰਾ ਪ੍ਰਗਟ ਸਿੰਘ ਵਾਹਕੇ, ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਸਬੀਰ ਕੌਰ, ਸ਼ਹਿਰੀ ਪ੍ਰਧਾਨ ਭੁਪਿੰਦਰ ਸਿੰਘ ਭੁੱਲਰ, ਹਲਕਾ ਜ਼ੀਰਾ ਦੇ ਇੰਚਾਰਜ ਲਖਵਿੰਦਰ ਸਿੰਘ ਸੁਪਰ, ਦਫਤਰ ਸਕੱਤਰ ਜਗਜੀਤ ਸਿੰਘ, ਮਮਦੋਟ ਦੇ ਪ੍ਰਧਾਨ ਮੇਹਰ ਸਿੰਘ ਦਿਹਾਤੀ ਪ੍ਰਧਾਨ ਸੁਖਦੇਵ ਸਿੰਘ ਵੇਹੜੀ, ਪ੍ਰਚਾਰ ਸਕੱਤਰ ਸੁੱਚਾ ਸਿੰਘ, ਸੀਨੀ ਆਗੂ ਗਿਆਨ ਸਿੰਘ ਮੰਡ, ਅਗਜ਼ੈਕਟਿਵ ਮੈਂਬਰ ਇਕਬਾਲ ਸਿੰਘ ਗੁਰੂਹਰਸਾਏ, ਪ੍ਰਧਾਨ ਗੁਰੂਹਰਸਾਏ ਗੁਰਮੀਤ ਸਿੰਘ, ਸੀਨੀ ਆਗੂ ਹਜਾਰਾ ਸਿੰਘ, ਸੀਨੀ ਮੀਤ ਪ੍ਰਧਾਨ ਮਮਦੋਟ ਸੁਖਪ੍ਰੀਤ ਸਿੰਘ ਸੁਖਾ ਸਿੰਘ ਟਿੱਬੀ, ਮੋਹਨ ਸਿੰਘ ਨਿਆਜੀਆ, ਰਜਿੰਦਰ ਸਿੰਘ ਟਾਹਲੀ ਵਾਲਾ, ਗੁਰਪ੍ਰੀਤ ਸਿੰਘ ਬੈਰਕਾ, ਹਰਪ੍ਰੀਤ ਸਿੰਘ ਸੋਢੇਵਾਲਾ, ਮਲਕੀਤ ਸਿੰਘ ਵਾਹਕੇ, ਡਾ: ਬਲਵੰਤ ਸਿੰਘ ਵਾਹਗੇਵਾਲਾ ਬਲਾਕ ਘੱਲ ਖੁਰਦ, ਪ੍ਰਧਾਨ ਸਰਬਜੀਤ ਸਿੰਘ, ਸੀਨੀ ਆਗੂ ਸੁਖਮਿੰਦਰ ਸਿੰਘ, ਦਿਲਬਾਗ ਸਿੰਘ, ਜ਼ਸ਼ਨਪ੍ਰੀਤ ਸਿੰਘ, ਹੁਸਨਪ੍ਰੀਤ ਸਿੰਘ, ਫਕੀਰ ਸਿੰਘ, ਚੜਤ ਸਿੰਘ, ਬਿਟੂ ਵਾਹਗੇ ਵਾਲਾ ਆਦਿ ਨੇ ਪਾਰਟੀ ਮਜਬੂਤ ਕਰਨ ਤੇ ਰਿਸ਼ਵਤਖੋਰੀ ਬੰਦ ਕਰਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਸੇਵਾ ਕਰਨ ਦਾ ਵਾਅਦਾ ਕੀਤਾ।



# ਭਲਵਾਨ ਸਕੂਲ ਵਿੱਚ ਬੂਟੇ ਲਾਏ ਗਏ



**ਧੂਰੀ, (ਰਣਜੀਤ ਸਿੰਘ ਪੇਧਨੀ )**-ਲਾਂਸ ਨਾਇਕ ਦਰਸ਼ਨ ਸਿੰਘ ਸ.ਸ.ਸ ਸਕੂਲ ਭਲਵਾਨ ਧੂਰੀ ਵਿਖੇ ਮੈਡਮ ਅਮਨਦੀਪ ਕੌਰ ਐਸ.ਐਸ.ਮਿਸਟ੍ਰੈਸ ਦੇ ਭਰਾ ਸਵਰਗਵਾਸੀ ਸੰਦੀਪ ਸਿੰਘ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੀ ਯਾਦ ਨੂੰ ਤਾਜਾ ਕਰਦਿਆ ਸਕੂਲ ਵਿਖੇ ਪ੍ਰਿੰਸੀਪਲ ਸ੍ਰ ਯਾਦਵਿੰਦਰ ਸਿੰਘ ਦੀ ਅਗਵਾਈ ਵਿੱਚ ਵੱਖ ਵੱਖ ਕਿਸਮ ਦੇ ਛਾਹ ਦਾਰ ਅਤੇ ਫਲਦਾਰ ਬੂਟੇ ਲਾਏ ਗਏ ਤੇ ਸਕੂਲ ਵਿੱਚ ਸੰਦੀਪ ਸਿੰਘ ਦੀ ਯਾਦਗਾਰ ਬਣਾਈ ਗਈ । ਇਸ ਮੌਕੇ ਮੈਡਮ ਅਮਨਦੀਪ ਕੌਰ ਨੇ ਕਿਹਾ ਕਿ ਅੱਜ ਹਰ ਇਨਸਾਨ ਦਾ ਇੱਕ ਨੈਤਿਕ ਫਰਜ਼ ਬਣਦਾ ਕਿ ਉਸ ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਲਾਉਣ। ਇਸ ਸਮੇਂ ਪ੍ਰਿੰਸੀਪਲ ਯਾਦਵਿੰਦਰ ਸਿੰਘ ਅਤੇ ਸਮੂਹ ਸਕੂਲ ਸਟਾਫ ਵੱਲੋਂ ਸਵਰਗੀ ਸੰਦੀਪ ਸਿੰਘ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ।

# ਹੰਸ ਰਾਜ ਬਜਾਜ 'ਪੰਜਾਬ ਪ੍ਰਦੇਸ਼ ਵਪਾਰ ਮੰਡਲ' ਦੇ ਜਿਲ੍ਹਾ ਜਨਰਲ ਸਕੱਤਰ ਨਿਯੁਕਤ

## ਸੌਂਪੀ ਗਈ ਜਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗਾ - ਹੰਸ ਰਾਜ ਬਜਾਜ



**ਧੂਰੀ ( ਰਣਜੀਤ ਸਿੰਘ ਪੇਧਨੀ )**- ਪਿਛਲੇ ਪੰਜ ਦਹਾਕਿਆਂ ਤੋਂ ਵਪਾਰੀਆਂ ਦੀ ਅਗਵਾਈ ਕਰਦੇ ਆ ਰਹੇ ਹੰਸ ਰਾਜ ਬਜਾਜ ਨੂੰ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦਾ ਜਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਦੱਸਣਯੋਗ ਹੈ ਕਿ ਹੰਸ ਰਾਜ ਬਜਾਜ ਪਿਛਲੇ ਲੰਮੇ ਸਮੇਂ ਤੋਂ ਵਪਾਰੀਆਂ ਦੀ ਅਗਵਾਈ ਕਰਦੇ ਆ ਰਹੇ ਹਨ ਅਤੇ ਵਪਾਰੀਆਂ ਨੂੰ ਦਰਪੇਸ਼ ਮੰਗਾਂ ਅਤੇ ਮੁਸ਼ਕਲਾਂ ਸਬੰਧੀ ਡੱਟ ਕੇ ਅਵਾਜ ਬੁਲੰਦ ਕਰਦੇ ਆ ਰਹੇ ਹਨ ।ਆਪਣੀ ਨਿਯੁਕਤੀ 'ਤੇ ਸੂਬਾ ਪ੍ਰਧਾਨ ਪਿਆਰੇ ਲਾਲ ਸੇਠ, ਜਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ ਅਤੇ ਜਿਲ੍ਹਾਂ ਚੇਅਰਮੈਨ ਰਾਜੇਸ਼ ਕੁਮਾਰ ਥਰੇਜਾ ਸਮੇਤ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੱਥੇਬੰਦੀ ਨੇ ਜੋ ਜਿੰਮੇਵਾਰੀ ਸੌਂਪੀ ਹੈ, ਉਸਨੂੰ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਹੋਰ ਵੀ ਦ੍ਰਿੜਤਾ ਨਾਲ ਵਪਾਰੀਆਂ ਦੀ ਤਰਜਮਾਨੀ ਕਰਨਗੇ। ਉਨ੍ਹਾਂ ਦੱਸਿਆ ਕਿ ਵਪਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਮੰਗਾਂ ਸਬੰਧੀ ਜਲਦੀ ਹੀ ਇੱਕ ਵਫ਼ਦ ਪੰਜਾਬ ਸਰਕਾਰ ਨਾਲ ਮੁਲਾਕਾਤ ਕਰੇਗਾ।

# ਰੁੱਖ ਲਗਾਓ ਵਾਤਾਵਰਨ ਬਚਾਓ ਦੀ ਮੁਹਿਮ ਤਹਿਤ ਪਿੰਡ ਮਹਾਲਮ ਦੇ ਨੌਜਵਾਨਾ ਵੱਲੋਂ ਰੁੱਖ ਲਗਾਉਣ ਦੀ ਕੀਤੀ ਸ਼ੁਰੂਆਤ





ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ) :—ਮਨੁੱਖ ਨੂੰ ਜਿੰਦਗੀ ਜਿਉਣ ਲਈ ਅਤੇ ਸਾਹ ਲੈਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ ਜਿਹੜੀ ਸਾਨੂੰ ਦਰੱਖਤਾਂ ਤੋਂ ਪ੍ਰਾਪਤ ਹੁੰਦੀ ਹੈ, ਦਿਨੋਂ—ਦਿਨ ਜਿਵੇਂ ਇਨਸਾਨ ਤਰੱਕੀ ਕਰਦਾ ਜਾ ਰਿਹਾ ਰੁੱਖਾਂ ਦੀ ਕਟਾਈ ਕੀਤੀ ਜਾ ਰਹੀ ਹੈ ਜਿਸ ਕਾਰਨ ਰੁੱਖਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਗਰਮੀ ਦਾ ਪ੍ਰਕੋਪ ਵੱਧਦਾ ਜਾ ਰਿਹਾ ਹੈ। ਰੁੱਖਾਂ ਦੀ ਗਿਣਤੀ ਘੱਟ ਹੋਣ ਕਾਰਨ ਬਾਰਿਸ਼ਾਂ ਵੀ ਘੱਟ ਹੋ ਰਹੀਆਂ ਹਨ ਜੋ ਕਿ ਚਿੰਤਾਂ ਦਾ ਵਿਸ਼ਾ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਹੋਇਆ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਮਹਾਲਮ ਦੇ ਨੌਜਵਾਨਾ ਵੱਲੋਂ ਉੱਦਮ ਕਰਦਿਆਂ ਪਿੰਡ ਵਿੱਚ ਰੁੱਖ ਲਗਾਉਣ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਵੱਖ—ਵੱਖ ਤਰ੍ਹਾਂ ਦੇ ਰੁੱਖ ਫਲਦਾਰ, ਛਾਂਦਾਰ ਅਤੇ ਪੁਰਾਣੇ ਵਿਰਾਸਤੀ ਰੁੱਖ ਲਗਾਏ ਗਏ, ਜਿਸ ਵਿੱਚ ਸਾਰੇ ਨਗਰ ਨਿਵਾਸੀਆਂ ਬਹੁਤ ਸਹਿਯੋਗ ਦਿੱਤਾ।ਇਸ ਮੌਕੇ ਸਰਵਣ ਸਿੰਘ ਮਹਾਲਮ, ਸੁੱਖਾ ਸਿੰਘ ਸਾਬਕਾ ਸਰਪੰਚ, ਗੁਰਵਿੰਦਰ ਸਿੰਘ ਮਹਾਲਮ, ਸਤਨਾਮ ਸਿੰਘ ਮਹਾਲਮ, ਹਰਮੇਸ਼ ਸਿੰਘ ਮੈਂਬਰ ਪੰਚਾਇਤ, ਸੁਬਾਸ਼ ਸਿੰਘ, ਸਰਵਣ ਸਿੰਘ, ਮਹਿਲ ਸਿੰਘ ਕਮੇਟੀ ਮੈਂਬਰ, ਸਤਨਾਮ ਸਿੰਘ ਨੰਬਰਦਾਰ, ਦਲਜੀਤ ਸਿੰਘ, ਰਿੰਕੂ, ਸਤਨਾਮ ਸਿੰਘ, ਸੋਨੂੰ ਦੁੱਗਲ, ਹਰਬੰਸ ਸਿੰਘ, ਕਾਲਾ ਸਿੰਘ, ਸੋਨੂੰ, ਮੰਗਲ ਸਿੰਘ, ਤਾਰਾ ਸਿੰਘ ਆਦਿ ਮੌਜੂਦ ਰਹੇ।

### ਬਜ਼ੁਰਗਾਂ ਨੂੰ ਦਿੱਤੀ

# ਆਯੁਸ਼ਮਾਨ ਕਾਰਡ ਦੀ ਗਰੰਟੀ ਕਦੋਂ ਪੂਰੀ ਹੋਵੇਗੀ : ਸ਼ਰਮਾ



**ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ) :—** ਚੋਣਾਂ ਖਤਮ ਹੋਏ ਨੂੰ ਕਾਫੀ ਸਮਾਂ ਹੋ ਗਿਆ ਹੈ, ਜ਼ਿਮਨੀ ਚੋਣਾਂ ਵੀ ਹੋ ਚੁੱਕੀਆਂ ਹਨ, ਭਾਜਪਾ ਨੇ ਆਪਣੀ ਸਰਕਾਰ ਬਣਾਉਂਦੇ ਸਮੇਂ ਭਰੋਸਾ ਦਿੱਤਾ ਸੀ ਕਿ ਇਸ ਬਜਟ ਵਿੱਚ ਬਜ਼ੁਰਗਾਂ ਨੂੰ ਦਿੱਤੀ ਗਈ ਗਾਰੰਟੀ ਨੂੰ ਬਹੁਤ ਜਲਦੀ ਪੂਰਾ ਕੀਤਾ ਜਾਵੇਗਾ। ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਸਿਟੀਜ਼ਨ ਕੌਂਸਲ ਦੇ ਪ੍ਰਧਾਨ ਪੀ.ਡੀ. ਸ਼ਰਮਾ ਨੇ ਦੱਸਿਆ ਕਿ ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸਰਕਾਰ ਬਣਾਉਂਦੇ ਸਮੇਂ ਦੁਹਰਾਇਆ ਸੀ ਕਿ ਉਹ ਪਹਿਲੇ 3 ਮਹੀਨਿਆਂ ਵਿੱਚ ਬਹੁਤ ਸਾਰੇ ਵਾਅਦੇ ਪੂਰੇ ਕਰਨਗੇ।ਉਨ੍ਹਾਂ ਕਿਹਾ ਕਿ ਇਸ ਵਿੱਚ ਵਿਸ਼ੇਸ਼ ਤੌਰ ਤੇ 70 ਸਾਲ ਦੀ ਉਮਰ ਵਾਲੇ ਬਜ਼ੁਰਗਾਂ ਨੂੰ ਆਯੂਸ਼ਮਾਨ ਭਾਰਤ ਦਾ ਲਾਭ ਦਿੱਤਾ ਜਾਵੇਗਾ, ਭਾਵੇਂ ਉਹ ਕਿਸੇ ਵੀ ਜਾਤ, ਧਰਮ ਜਾਂ ਰੰਗ ਦੇ ਹੋਣ, ਇਸ ਦਾ ਮਤਲਬ ਹੈ ਕਿ ਕੋਈ ਵੀ ਵਿਅਕਤੀ ਜੋ ਭਾਰਤ ਦਾ ਨਾਗਰਿਕ ਹੈ ਅਤੇ 70 ਸਾਲ ਤੋਂ ਵੱਧ ਉਮਰ ਦਾ ਹੈ, ਉਸ ਨੂੰ ਨਿਯਮਾਂ ਅਨੁਸਾਰ 5 ਲੱਖ ਰੁਪਏ ਤੱਕ ਦਾ ਇਲਾਜ ਬਿਲਕੁਲ ਮੁਫਤ ਕਰਾਉਣ ਦੀ ਸਹੂਲਤ ਦਿੱਤੀ ਜਾਏਗੀ। ਆਯੁਸ਼ਮਾਨ ਲਾਭ ਦਾ ਮਤਲਬ ਵੀ ਇਹੋ ਹੀ ਹੈ ਕਿ ਹਰ ਆਯੂਸ਼ਮਾਨ ਕਾਰਡ ਹੋਲਡਰ ਨੂੰ ਪੰਜ ਲੱਖ ਰੁਪਏ ਦਾ ਇਲਾਜ ਕਰਾਉਣ ਦਾ ਸਹੂਲਤ ਉਪਲਬਧ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਉਨ੍ਹਾਂ ਕਿਹਾ ਕਿ ਭਾਵੇਂ ਪਿੱਛੇ ਸੁਣਨ ਵਿੱਚ ਇਹ ਵੀ ਆਇਆ ਸੀ ਕਿ ਸਰਕਾਰ ਇਸ ਦੀ ਲਿਮਿਟ ਪੰਜ ਲੱਖ ਰੁਪਏ ਤੋਂ ਵਧਾ ਕੇ ਨੂੰ 10 ਲੱਖ ਤੱਕ ਕਰਨ ਤੇ ਵਿਚਾਰ ਕਰ ਰਹੀ ਹੈ, ਇਸ ਵਿੱਚ ਕਿੰਨੀ ਸਚਾਈ ਹੈ ਇਸ ਬਾਰੇ ਮੈਂ ਜਾਣੂ ਨਹੀਂ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦਾ ਬਜਟ ਸੈਸ਼ਨ ਸ਼ੁਰੂ ਹੋ ਰਿਹਾ ਹੈ ਅਤੇ ਸਾਰੇ ਬਜ਼ੁਰਗ ਸੀਨੀਅਰ ਸਿਟੀਜ਼ਨ ਇਹ ਜਾਣਨ ਲਈ ਬਜਟ ਵੱਲ ਦੇਖ ਰਹੇ ਹਨ ਕਿ ਕੀ ਭਾਜਪਾ ਸਰਕਾਰ ਸੀਨੀਅਰ ਨਾਗਰਿਕਾਂ ਨੂੰ ਆਯੁਸ਼ਮਾਨ ਭਾਰਤ ਦਾ ਲਾਭ ਦੇਵੇਗੀ ਜਾਂ ਉਨ੍ਹਾਂ ਨੂੰ ਅਗਲੇ ਬਜਟ ਤੱਕ ਇੰਤਜ਼ਾਰ ਕਰਨਾ ਪਵੇਗਾ।ਇਹ ਵੀ ਦੇਖਣਾ ਹੋਵੇਗਾ ਕਿ ਭਾਜਪਾ ਸਰਕਾਰ ਆਯੁਸ਼ਮਾਨ ਭਾਰਤ ਦਾ ਲਾਭ ਸੀਨੀਅਰ ਨਾਗਰਿਕਾਂ ਨੂੰ ਦਿੰਦੀ ਹੈ, ਕੀ ਇਹ ਸਿਰਫ 70 ਸਾਲ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗਾਂ ਨੂੰ ਦਿੰਦੀ ਹੈ ਜਾਂ ਸਾਰੇ ਸੀਨੀਅਰ ਨਾਗਰਿਕਾਂ ਨੂੰ। ਇਹ ਵੀ ਦੇਖਣਾ ਹੋਵੇਗਾ ਕਿ ਜੇਕਰ ਇਸ ਬਜਟ ਚ ਇਹ ਲਾਭ ਸੀਨੀਅਰ ਸਿਟੀਜ਼ਨਾਂ ਨੂੰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਆਯੂਸ਼ਮਾਨ ਕਾਰਡ ਕਿਵੇਂ ਬਣਾਏ ਜਾਣਗੇ ਜਾਂ ਫਿਰ ਬਜ਼ੁਰਗਾਂ ਨੂੰ ਇਹ ਆਯੁਸਮਨ ਕਾਰਡ ਬਣਾਉਣ ਲਈ ਸੁਵਿਧਾ ਸੈਂਟਰਾਂ ਵਿੱਚ ਭੱਜਦੋੜ ਕਰਨੀ ਪਵੇਗੀ ਜਾਂ ਫਿਰ ਉਨ੍ਹਾਂ ਦੇ ਘਰ ਤੱਕ ਇਹ ਕਾਰਡ ਪਹੁੰਚ ਸਕਣਗੇ। ਉਨ੍ਹਾਂ ਕਿਹਾ ਕਿ ਇਹ ਵੀ ਇੱਕ ਵੱਡਾ ਸਵਾਲ ਬਣ ਜਾਂਦਾ ਹੈ ਕਿਉਂਕਿ 70 ਸਾਲ ਤੋਂ ਵੱਧ ਉਮਰ ਦੇ ਕਈ ਬਜ਼ੁਰਗਾਂ ਲਈ ਇਹ ਸਹੂਲਤ ਪ੍ਰਾਪਤ ਕਰਨਾ ਏਨਾ ਆਸਾਨ ਨਹੀਂ ਹੈ, ਇਸ ਲਈ ਸਰਕਾਰ ਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਹੋਵੇਗਾ ਕਿ ਜਿਸ ਦੀ ਉਮਰ 70 ਸਾਲ ਤੋਂ ਉੱਪਰ ਹੈ ਉਸ ਨੂੰ ਆਯੂਸ਼ਮਾਨ ਕਾਰਡ ਉਸ ਦੇ ਘਰ ਹੀ ਉਪਲਬੱਧ ਕਰਵਾਉਣਾ ਚਾਹੀਦਾ ਹੈ ਜਾਂ ਕੋਈ ਅਜਿਹਾ ਆਸਾਨ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ ਜਿਸ ਨਾਲ 70 ਸਾਲ ਤੋਂ ਵੱਧ ਉਮਰ ਦਾ ਹਰ ਬਜ਼ੁਰਗ ਦਾ ਆਯੁਸ਼ਮਾਨ ਕਾਰਡ ਬਣ ਸਕੇ।

ਗੱਲਬਾਤ ਕਰਦਿਆਂ ਪ੍ਰਧਾਨ ਪੀ.ਡੀ. ਸ਼ਰਮਾ ਨੇ ਕਿਹਾ ਕਿ ਇਹ ਵੀ ਦੇਖਣਾ ਹੋਵੇਗਾ ਕਿ ਜੇਕਰ ਇਸ ਬਜਟ ਵਿੱਚ ਇਹ ਲਾਭ ਸੀਨੀਅਰ ਸਿਟੀਜ਼ਨਾਂ ਨੂੰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਆਯੂਸ਼ਮਾਨ ਕਾਰਡ ਕਿਵੇਂ ਬਣ ਜਾਣਗੇ ਜਾਂ ਬਜ਼ੁਰਗਾਂ ਨੂੰ ਇਹ ਕਾਰਡ ਉਪਲਬਧ ਕਰਵਾਏ ਜਾਣਗੇ ਜਾਂ ਇਹ ਕਾਰਡ ਉਨ੍ਹਾਂ ਦੇ ਘਰ ਤੱਕ ਪਹੁੰਚਣਗੇ, ਇਹ ਵੀ ਇੱਕ ਵੱਡਾ ਸਵਾਲ ਬਣ ਜਾਂਦਾ ਹੈ ਕਿਉਂਕਿ 70 ਸਾਲ ਤੋਂ ਵੱਧ ਉਮਰ ਦੇ ਕਈ ਬਜ਼ੁਰਗਾਂ ਲਈ ਇਹ ਸਹੂਲਤ ਪ੍ਰਾਪਤ ਕਰਨਾ ਇੰਨਾ ਆਸਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਦੇ ਬਿਰਧ ਆਸ਼ਰਮ ਵਿਖੇ ਸੀਨੀਅਰ ਸਿਟੀਜ਼ਨ ਕੌਂਸਲ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਬਜ਼ੁਰਗਾਂ ਨੂੰ ਆਯੂਸ਼ਮਾਨ ਭਾਰਤ ਦਾ ਲਾਭ ਦੇਣ ਦੇ ਨਾਲ—ਨਾਲ ਆਯੂਸ਼ਮਾਨ ਕਾਰਡ ਬਣਾਉਣ ਦਾ ਵੀ ਧਿਆਨ ਰੱਖਿਆ ਜਾਵੇ ਤਾਂ ਜੋ ਬਜ਼ੁਰਗਾਂ ਲਈ ਮੁਸ਼ਕਲ ਨਾ ਬਣੇ ਨਹੀਂ ਤਾਂ ਉਹ ਇਹ ਲਾਭ ਨਹੀਂ ਲੈ ਸਕਦੇ ਸਨ। ਇਸ ਲਈ ਸੀਨੀਅਰ ਸਿਟੀਜ਼ਨ ਕੌਂਸਲ ਰਜਿਸਟਰਡ ਫਿਰੋਜ਼ਪੁਰ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਸਾਰੇ ਸੀਨੀਅਰ ਸਿਟੀਜ਼ਨਾਂ ਨੂੰ ਇਹ ਆਯੂਸ਼ਮਾਨ ਕਾਰਡ ਦਾਲਾ ਦਿੱਤਾ ਜਾਵੇ ਅਤੇ ਉਨ੍ਹਾਂ ਦਾ ਆਯੂਸ਼ਮਾਨ ਕਾਰਡ ਬਣਾਉਣ ਦਾ ਕੋਈ ਸੌਖਾ ਤਰੀਕਾ ਲੱਭਿਆ ਜਾਵੇ ਤਾਂ ਜੋ ਹਰ ਬਜ਼ੁਰਗ ਭਾਵੇਂ ਉਹ 70 ਸਾਲ ਦਾ ਹੋਵੇ ਜਾਂ ਉਹ 80 ਸਾਲ ਦਾ ਹੋਵੇ ਜਾਂ 90 ਸਾਲ ਦਾ ਹੋਵੇ, ਇਹ ਸਹੂਲਤ ਪ੍ਰਾਪਤ ਕਰ ਸਕੇ ਅਤੇ ਆਯੁਸ਼ਮਾਨ ਕਾਰਡ ਉਸ ਨੂੰ ਆਸਾਨੀ ਨਾਲ ਉਪਲਬਧ ਹੋ ਸਕੇ।

ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਕੌਂਸਲ ਦੀ ਮੀਟਿੰਗ ਵਿੱਚ ਸਮੂਹ ਹਾਜ਼ਰੀਨ ਵੱਲੋਂ ਇਸ ਗੱਲ ਤੇ ਯਕੀਨ ਪ੍ਰਗਟ ਹੋਇਆ ਕਿ ਇਹ ਲਾਭ ਬਜ਼ੁਰਗਾਂ ਨੂੰ ਇਸੇ ਹੀ ਬਜਟ ਵਿੱਚ ਜ਼ਰੂਰ ਦਿੱਤਾ ਜਾਵੇਗਾ ਤਾਂ ਕਿ ਭਾਜਪਾ ਸਰਕਾਰ ਆਯੁਸ਼ਮਾਨ ਕਾਰਡ ਦੀ ਦਿੱਤੀ ਗਾਰੰਟੀ ਨੂੰ ਲਾਗੂ ਕਰ ਸਕੇ।ਸਮੂਹ ਮੈਂਬਰਾਂ ਵੱਲੋਂ ਸਰਕਾਰ ਤੇ ਭਰੋਸਾ ਜਤਾਇਆ ਕਿ ਉਹ ਕਿਸੇ ਬਜਟ ਵਿੱਚ ਇਹ ਲਾਭ ਬਜ਼ੁਰਗਾਂ ਜ਼ਰੂਰ ਦੇਵੇਗੀ ਅਤੇ ਉਹਨਾਂ ਲਈ ਆਯੂਸ਼ਮਾਨ ਕਾਰਡ ਬਣਾਉਣ ਲਈ ਕੋਈ ਆਸਾਨ ਤਰੀਕਾ ਰੱਖਿਆ ਜਾਵੇਗਾ।

### ਵਾਤਾਵਰਨ ਨੂੰ ਸਾਫ ਰੱਖਣ ਲਈ ਬੂਟੇ ਲਗਾਓ: ਡਾ. ਸਤਨਾਮ ਸਿੰਘ

# ਪੀ.ਐਚ.ਸੀ ਥਰੀਏਵਾਲ ਤੋਂ ਬਲਾਕ ਵਿੱਚ ਬੂਟੇ ਲਾਉਣ ਦੀ ਹੋਈ ਸ਼ੁਰੂਆਤ



ਆਵਾਜ਼ਿ ਕੌਮ AWAZE QAUM International Newspaper & WEB TV

**ਥਰੀਏਵਾਲ/ਮਜੀਠਾ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਿਵਲ ਸਰਜਨ ਅੰਮ੍ਰਿਤਸਰ ਡਾਕਟਰ ਸੁਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਧਿਕਾਰੀ ਡਾ. ਸਤਨਾਮ ਸਿੰਘ ਦੀ ਅਗਵਾਈ ਵਿੱਚ ਸਿਹਤ ਬਲੋਕ ਪੀ.ਐਚ.ਸੀ ਥਰੀਏਵਾਲ ਵਿਖੇ ਬੂਟੇ ਲਗਾ ਕੇ ਬਲਾਕ ਦੇ ਸਮੂਹ ਸਿਹਤ ਕੇਂਦਰਾਂ ਵਿੱਚ ਬੂਟੇ ਲਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਬੋਲਦਿਆ ਹੋਏ ਡਾ. ਸਤਨਾਮ ਸਿੰਘ ਨੇ ਕਿਹਾ ਕਿ ਲਗਾਤਾਰ ਘੱਟ ਰਹੇ ਰੁੱਖਾਂ ਦੇ ਕਾਰਨ ਤਾਪਮਾਨ ਲਗਾਤਾਰ ਵੱਧ ਰਿਹਾ ਹੈ ਜਿਸਦਾ ਖਮਿਆਜਾ ਲੋਕਾਂ ਨੂੰ ਤੇਜ ਗਰਮੀ ਦੇ ਰੂਪ ਵਿੱਚ ਭੁਗਤਨਾ ਪੈ ਰਿਹਾ ਹੈ। ਉਹਨਾਂ ਨੇ ਸਮੂਹ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਦੇ ਲਈ ਖਾਲੀ ਪਈਆਂ ਜਗਾਹਾਂ ਉੱਤੇ ਜਿਆਦਾ ਤੋਂ ਜਿਆਦਾ ਪੌਦੇ ਲਗਾਓ।ਉਸਦੇ ਨਾਲ ਨਾਲ ਇਹਨਾਂ ਦੀ ਪਰਵਰਿਸ਼ ਵੀ ਕੀਤੀ ਜਾਵੇ ਤਾਂ ਕਿ ਇਹ ਰੁੱਖ ਦਾ ਰੂਪ ਧਾਰਨ ਕਰਕੇ ਵਾਤਾਵਰਨ ਨੂੰ ਸੰਤੁਲਿਤ ਕਰ ਸਕਣ। ਇਸ ਮੌਕੇ ਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਰਣਜੀਤ ਕੁਮਾਰ, ਡਾ. ਕਨਿਕਾ ਮਹਾਜਨ, ਅਮਨਪਾਲ ਸਿੰਘ, ਸਰਬਜੀਤ ਕੌਰ ਤੇ ਹੋਰ ਮੌਜੂਦ ਸਨ।

# ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਸਾਉਣ ਦੀ ਪੂਰਨ ਮਾਸੀ ਦਾ ਦਿਹਾੜਾ ਬੜਾ ਸ਼ਰਧਾ ਨਾਲ ਮਨਾਇਆ







ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ) :— ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਸਾਉਣ ਦੀ ਪੂਰਨਮਾਸੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰੀ, ਕਥਾ ਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਕਥਾ ਕਰਦਿਆਂ ਆਖਿਆ ਕਿ ਸਾਡੇ ਮਹਾਨ ਗੁਰੂਆਂ ਨੇ ਆਪਣੀਆਂ ਲਾਸਾਨੀ ਕੁਰਬਾਨੀਆਂ ਦੇ ਕੇ ਸਿੱਖੀ ਦੇ ਬੂਟੇ ਨੂੰ ਲਗਾਇਆ, ਉਥੇ ਨਾਲ ਹੀ ਧੰਨ—ਧੰਨ ਭਾਈ ਤਾਰੂ ਸਿੰਘ ਜੀ ਪਿੰਡ ਪੂਹਲੇ ਜੀ ਦਾ ਸ਼ਹੀਦੀ ਦਿਹਾੜਾ ਲੰਘ ਗਿਆ ਹੈ, ਜਿਨ੍ਹਾਂ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਭਾਈ ਤਾਰੂ ਸਿੰਘ ਜੀ 25 ਸਾਲ ਦੀ ਭਰ ਜਵਾਨੀ ਵਿਚ ਜਕਰੀਆ ਖਾਨ ਨੇ 16 ਜੁਲਾਈ 1745 ਵਿਚ ਲਾਹੌਰ ਵਿਖੇ ਕੇਸਾਂ ਸਮੇਤ ਖੋਪੜੀ ਲੁਹਾ ਕੇ ਸ਼ਹੀਦ ਕੀਤਾ, ਭਾਈ ਸਾਹਿਬ ਜੀ ਦੇ ਕੇਸ ਕਤਲ ਨਾ ਕੀਤੇ ਜਾ ਸਕਣ ਕਰਕੇ ਖੋਪੜੀ ਛੈਣੀ ਤੇ ਹਥੌੜੇ ਨਾਲ ਕੇਸਾਂ ਸਮੇਤ ਲਾਹ ਦਿੱਤੀ ਗਈ, ਖੋਪੜੀ ਉਤਾਰਣ ਤੋਂ 22 ਦਿਨ ਬਾਅਦ ਭਾਈ ਸਾਹਿਬ ਸੱਚਖੰਡ ਗਏ, ਭਾਈ ਸਾਹਿਬ ਜੀ ਦੇ ਸਹਿਜ ਸੁਭਾਅ ਬਚਨਾਂ ਨਾਲ ਜਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਸ ਨੂੰ ਬੰਨ ਪੈ ਗਿਆ, ਭਾਈ ਸਾਹਿਬ ਜੀ ਦਾ ਪਾਵਨ ਜੋੜਾ ਜਕਰੀਆ ਖਾਨ ਦੇ ਸਿਰ ਵਿਚ ਮਾਰਿਆ ਗਿਆ ਤੇ ਜਕਰੀਆ ਖਾਨ ਦਾ ਪਿਸ਼ਾਬ ਦਾ ਬੰਨ ਟੁਟਿਆ ਅਤੇ ਉਸਦੀ ਮੌਤ ਹੋ ਗਈ। ਇਸ ਤਰ੍ਹਾਂ ਸਾਡੇ ਸ਼ਹੀਦਾਂ ਨੇ ਆਪਣੀਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਨੇ ਅੱਗੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ ਜੰਗੀ ਪੱਧਰ ਤੇ ਚੱਲ ਰਹੀ ਹੈ, ਸੰਗਤਾਂ ਨੂੰ ਬੇਨਤੀ ਹੈ ਕਿ ਉਹ ਤਨ, ਮਨ, ਧੰਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸੰਗਤਾਂ ਲਈ ਠੰਡੇ—ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪਣੇ ਖੂਬਸੂਰਤ ਵਾਤਾਵਰਣ ਨੂੰ ਅਸੀਂ ਆਪ ਖੁਦ ਵਿਗਾੜ ਰਹੇ ਹਾਂ -ਠੇਕੇਦਾਰ ਉਸਮਾਂ



**ਚੌਂਕ ਮਹਿਤਾ, 21 ਜੁਲਾਈ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਉਸਮਾਂ ਦੇ ਸੀਨੀਅਰ 'ਆਪ'ਆਗੂ ਠੇਕੇਦਾਰ ਲਖਵਿੰਦਰ ਸਿੰਘ ਉਸਮਾਂ ਨੇ ਵਾਤਾਵਰਨ ਦੀ ਸ਼ੁੱਧਤਾ ਲਈ ਪਿੰਡ ਵਾਸੀਆਂ ਦੇ ਸਹਿਯੋਗ ਨਾਲ 500 ਬੂਟੇ ਲਗਾਉਣ ਦਾ ਟੀਚਾ ਮਿੱਥਦੇ ਹੋਏ ਅੱਜ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਠੇਕੇਦਾਰ ਉਸਮਾਂ ਨੇ ਵਾਤਾਵਰਨ ਦੀ ਸੰਭਾਲ ਕਰਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਕੁਦਰਤ ਵੱਲੋਂ ਮਿਲੇ ਖੂਬਸੂਰਤ ਵਾਤਾਵਰਣ ਨੂੰ ਅਸੀਂ ਆਪ ਖੁਦ ਵਿਗਾੜ ਰਹੇ ਹਾਂ।ਇਸ ਲਈ ਅੱਜ ਸਮੇਂ ਦੀ ਮੁੱਖ ਲੋੜ ਹੈ ਇਸਨੂੰ ਬਚਾਉਣ ਲਈ ਹਰੇਕ ਇਨਸਾਨ ਦੇ ਚਿੰਤਤ ਹੋਣ ਦੀ ਤੇ ਆਪਣਾ ਮੁੱਢਲਾ ਫਰਜ਼ ਮੰਨਦੇ ਹੋਏ ਘੱਟੋ ਘੱਟ ਇੱਕ ਪੌਦਾ ਜ਼ਰੂਰ ਲਗਾਉਣ ਦੀ ਤਾਂ ਜੋ ਕੁਦਰਤ ਤੋਂ ਮਿਲੇ ਇਸ ਅਨਮੋਲ ਤੋਹਫੇ ਨੂੰ ਸੰਭਾਲਿਆ ਜਾ ਸਕੇ।ਉਨ੍ਹਾਂ ਕਿਹਾ ਕਿ ਲਗਾਤਾਰ ਵਧ ਰਹੇ ਪ੍ਰਦੂਸ਼ਣ ਕਾਰਨ ਵਾਤਾਵਰਣ ਅੰਦਰ ਖਤਰਨਾਕ ਗੈਸਾਂ ਦੀ ਮਾਤਰਾ ਕਾਫੀ ਹੱਦ ਤੱਕ ਵਧ ਗਈ ਹੈ, ਜਿਸ ਦੇ ਨਤੀਜੇ ਵਜੋਂ ਅਸੀਂ ਦਿਨੋਂ ਦਿਨ ਨਾਮੁਰਾਦ ਬਿਮਾਰੀਆਂ ਦੇ ਜਾਲ 'ਚ ਫਸਦੇ ਜਾ ਰਹੇ ਹਾਂ। ਇਸ ਲਈ ਸਾਨੂੰ ਹੁਣ ਵੀ ਸਮੇਂ ਰਹਿੰਦੇ ਸੁਧਰ ਜਾਣਾ ਚਾਹੀਦਾ ਹੈ ਤੇ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਅਮਰਜੀਤ ਸਿੰਘ,ਮਨਜੀਤ ਸਿੰਘ,ਕੁਲਦੀਪ ਸਿੰਘ,ਭਜਨ ਸਿੰਘ,ਗੁਰਚੇਤਨ ਸਿੰਘ,ਨਿਰਮਲ ਸਿੰਘ,ਹਰਪ੍ਰੀਤ ਸਿੰਘ ਹੈਪੀ ਤੇ ਗੁਰਚਰਨ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਵਾਤਾਵਣ ਪ੍ਰੇਮੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਆਰਬੀਆਈ ਵੱਲੋਂ ਪਿੰਡਾਂ ਵਿੱਚ ਲੋਕਾਂ ਨੂੰ

# ਸਕੀਮਾਂ ਬਾਰੇ ਜਾਗਰੂਕ ਕਰਨਾ ਸ਼ਲਾਘਾਯੋਗ ਕਦਮ : ਚੇਅਰਮੈਨ ਰਾਜਾ

**ਚੌਕ ਮਹਿਤਾ, 21 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਰ ਬੀ ਆਈ ਵੱਲੋਂ ਦੇਸ਼ ਦੇ ਨਾਗਰਿਕਾਂ ਲਈ ਬਹੁਤ ਸਾਰੀਆਂ ਸਕੀਮਾਂ ਸ਼ੁਰੂ ਗਈਆਂ ਹਨ ਜਿਨਾਂ ਦਾ ਲਾਭ ਲੈਣ ਤੋਂ ਸਾਡੇ ਦੇਸ਼ ਦੇ ਨਾਗਰਿਕ ਵਾਂਝੇ ਹਨ ਕਿਉਂਕਿ ਉਹਨਾਂ ਨੂੰ ਇਹਨਾਂ ਸਕੀਮਾਂ ਦੀ ਜਾਣਕਾਰੀ ਹੀ ਨਹੀਂ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਏਰੀਆ ਮੈਨੇਜਰ ਹਰਵਿਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਲਸਟਰ ਮੈਨੇਜਰ (ਅਸੈਸ) ਅਮਨਦੀਪ ਕੌਰ ਵੱਲੋ ਉਲੀਕੇ ਪ੍ਰੋਗਰਾਮ ਅਨੁਸਾਰ ਬਲਾਕ ਹਰਸਾ ਛੀਨਾ ਦੇ ਪਿੰਡ ਲਦੇਹ ਵਿਖੇ ਚੇਅਰਮੈਨ ਰਾਜਵਿੰਦਰ ਸਿੰਘ ਰਾਜਾ ਲਦੇਹ ਦੇ ਵਿਸ਼ੇਸ਼ ਸਹਿਯੋਗ ਨਾਲ ਇਸ ਪਿੰਡ ਵਿੱਚ ਆਰ ਬੀ ਆਈ ਵੱਲੋ ਅਸੈਸ ਡਿਵੈਲਪਮੈਂਟ ਸਰਵਿਸ ਰਾਹੀਂ ਲਗਾਏ ਗਏ ਜਾਗਰੁਕਤਾ ਦਾ ਕੈਂਪ ਦੌਰਾਨ ਹਾਜ਼ਰੀਨ ਜਾਣਕਾਰੀ ਦਿੰਦੇ ਹੋਏ ਫ਼ੀਲਡ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਕੱਦ ਗਿੱਲ ਨੇ ਕੀਤਾ।

ਇਹਨਾਂ ਦੱਸਿਆ ਕਿ ਫੋਨ ਤੇ ਕੇ ਵਾਈ ਸੀ ਕਰਨ ਲਈ ਕੋਈ ਵੀ ਬੈਂਕ ਕਾਗਜਾਤ ਜਾਂ ਓਟੀਪੀ ਦੀ ਮੰਗ ਨਹੀਂ ਕਰਦਾ, ਧੋਖਾ ਧੜੀ ਤੋਂ ਬਚਣ ਲਈ ਕਿਸੇ ਨੂੰ ਵੀ ਫੋਨ ਤੇ ਆਪਣਾ ਕੋਈ ਵੀ ਕਾਗਜਾਤ ਨਾ ਭੇਜੋ ਅਤੇ ਨਾ ਹੀ ਕਿਸੇ ਨੂੰ ਕੋਈ ਓ ਟੀ ਪੀ ਦਿਓ। ਇਸ ਮੌਕੇ ਉਹਨਾਂ ਦੱਸਿਆ ਕਿ ਆਰ ਬੀ ਆਈ ਵੱਲੋਂ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਸੁਕੰਨਿਆ ਸਮਰਿਤੀ ਯੋਜਨਾ, ਏ ਟੀ ਐਮ ਤੇ ਮਿਲਦੇ ਬੀਮੇ ਦੇ ਕਲੇਮ ਲੈਣ ਬਾਰੇ ਜਾਣਕਾਰੀ ਤੋ ਇਲਾਵਾ ਅੱਜ ਦੇ ਸਮੇਂ ਵਿੱਚ ਫੋਨ ਕਾਲਾਂ ਤੇ ਹੁੰਦੀ ਧੋਖਾ ਧੜੀ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਚੇਅਰਮੈਨ ਰਾਜਵਿੰਦਰ ਸਿੰਘ ਰਾਜਾ ਲਦੇਹ ਨੇ ਆਰ ਬੀ ਆਈ ਵੱਲੋਂ ਸ਼ੁਰੂ ਕੀਤੇ ਇਸ ਪ੍ਰੋਜੈਕਟ ਦੀ ਸਲਾਘਾ ਕਰਦਿਆਂ ਇਹਨਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਅਤੇ ਆਰਬੀਆਈ ਵੱਲੋਂ ਆਈ ਟੀਮ ਅਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਕੀਮਾਂ ਬਾਰੇ ਅੱਜ ਜੋ ਵੀ ਜਾਣਕਾਰੀ ਮਿਲੀ ਹੈ ਇਸ ਤੋਂ ਪਹਿਲਾਂ ਅਜਿਹੀ ਜਾਣਕਾਰੀ ਸਾਡੇ ਧਿਆਨ ਵਿੱਚ ਨਹੀਂ ਸੀ।ਇਹਨਾਂ ਕਿਹਾ ਕਿ ਇਸ ਨਾਲ ਜਿੱਥੇ ਲੋਕਾਂ 'ਚ ਜਾਗ੍ਰਿਤੀ ਆਏਗੀ ਉਥੇ ਹੀ ਛਾਤਰ ਦਿਮਾਗਈਆਂ ਵੱਲੋਂ ਜਨਤਾ ਨਾਲ ਫੋਨ ਕਾਲਾਂ ਤੇ ਕੀਤੀ ਜਾਂਦੀ ਧੋਖਾਧੜੀ ਵਿੱਚ ਵੀ ਕਮੀ ਆਏਗੀ। ਉਹਨਾਂ ਕਿਹਾ ਕਿ ਇਹ ਪ੍ਰੋਜੈਕਟ ਚਲਾਉਣਾ ਅੱਜ ਦੇ ਸਮੇਂ ਦੀ ਬਹੁਤ ਵੱਡੀ ਲੋੜ ਸੀ। ਇਸ ਮੌਕੇ ਡਾਕਟਰ ਰਾਜਵੀਰ ਸਿੰਘ ਸੋਨਾ ਰਾਣੇ ਵਾਲੀ, ਨੰਬਰਦਾਰ ਹਰਪਾਲ ਸਿੰਘ ਲਦੇਹ, ਬੇਅੰਤ ਸਿੰਘ ਪੰਚ, ਸਰਤਾਜ ਸਿੰਘ ਪੰਚ,ਹਰਪ੍ਰੀਤ ਸਿੰਘ ਫੌਜੀ, ਪਿਆਰਾ ਸਿੰਘ ਪ੍ਰਧਾਨ, ਜਰਨੈਲ ਸਿੰਘ ਫੌਜੀ, ਹਰਮਨ ਸਿੰਘ, ਕਰਮਵੀਰ ਸਿੰਘ, ਸੁਖਦੇਵ ਸਿੰਘ ਸੁੱਖਾ ਪ੍ਰਧਾਨ, ਹਰਦੇਵ ਸਿੰਘ ਬਲਵਿੰਦਰ ਸਿੰਘ ਕਾਲਾ ਮੰਤਰੀ, ਕੁਲਵੰਤ ਸਿੰਘ ਮਾਣਕ, ਹਰਪਾਲ ਸਿੰਘ ਭੱਲਾ ਭਲਵਾਨ, ਪ੍ਰਿੰਸ ਮਸੀਹ, ਸੁਰਜੀਤ ਸਿੰਘ ਪ੍ਰਧਾਨ,ਕੁਲਬੀਰ ਸਿੰਘ ਸ਼ੌਂਕੀ ਪੰਚ, ਕਸ਼ਮੀਰ ਸਿੰਘ ਪੰਚ, ਜਸਬੀਰ ਸਿੰਘ, ਗਿਆਨ ਸਿੰਘ, ਅਵਤਾਰ ਸਿੰਘ ਆਦਿ ਵੀ ਹਾਜਰ ਸਨ।



ਪਿੰਡ ਲਦੇਹ ਵਿਖੇ ਲਗਾਏ ਜਾਗਰੂਕਤਾ ਕੈਂਪ ਵਿੱਚ ਫ਼ੀਲਡ ਕੁਆਰਡੀਨੇਟਰ ਗੁਰਪ੍ਰੀਤ ਸਿੰਘ ਕੱਦ ਗਿੱਲ ਨੇ ਆਰ ਬੀ ਆਈ ਦੀਆਂ ਸਕੀਮਾਂ ਬਾਰੇ ਦਿੱਤੀ ਜਾਣਕਾਰੀ

ਆਵਾਜ਼ਿ ਕੌਮ AWAZE QAUM International Newspaper & WEB TV

### ਨੰਦ ਰਾਣੀ ਦੇ ਸੰਖੇਪ ਬਿਮਾਰੀ ਉਪਰੰਤ ਇਸ ਫ਼ਾਨੀ ਦੁਨੀਆਂ ਤੋਂ ਰੁਕਸਤ

# ਪੰਜਾਬੀ ਪੱਤਰਕਾਰ ਸਦਨ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



ਚੌਕ ਮਹਿਤਾ/ 21 ਜੁਲਾਈ : ( ਬਾਬਾ ਸੁਖਵੰਤ ਸਿੰਘ ਚੰਨਣਕੇ)-ਪੰਜਾਬੀ ਪੱਤਰਕਾਰ ਸਦਨ ਦੀ ਜਰੂਰੀ ਮੀਟਿੰਗ ਸਦਨ ਦੇ ਪ੍ਰਧਾਨ ਜਤਿੰਦਰ ਸਿੰਘ ਥਿੰਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਰੋਜਾਨਾ ਦੇਸ਼ ਸੇਵਕ ਦੇ ਰੇਜਿਡੈਂਟ ਸੰਪਾਦਕ ਅਤੇ ਜਨਰਲ ਮੈਨੇਜਰ ਚੇਤਨ ਸ਼ਰਮਾ ਚੇਤਨ ਸ਼ਰਮਾ ਦੇ ਸਤਿਕਾਰ ਯੋਗ ਮਾਤਾ ਨੰਦ ਰਾਣੀ ( 79 ) ਦੇ ਸੰਖੇਪ ਬਿਮਾਰੀ ਉਪਰੰਤ ਬੀਤੀ ਰਾਤ ਇਸ ਫ਼ਾਨੀ ਦੁਨੀਆਂ ਤੋਂ ਰੁਕਸਤ ਹੋ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਦੌਰਾਨ ਪਾਸ ਕੀਤੇ ਇੱਕ ਸ਼ੋਕ ਮਤੇ ਰਾਹੀਂ ਇਸ ਦੁੱਖ ਦੀ ਘੜ੍ਹੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸ਼ਰਮਾ ਪਰਿਵਾਰ ਹਮੇਸ਼ਾਂ ਕਿਰਤੀਆਂ , ਮਜਦੂਰਾਂ , ਮਿਹਨਤਕਸ਼ਾਂ ਦੇ ਹੱਕਾਂ ਲਈ ਜੂਝਦਾ ਰਿਹਾ ਹੈ। ਮਤੇ ਰਾਹੀਂ ਪਰਮਾਤਮਾ ਦੇ ਚਰਨਾਂ ਵਿਚ ਮਾਤਾ ਜੀ ਨੂੰ ਸਦੀਵੀ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦੀ ਤੌਫ਼ੀਕ ਬਖਸ਼ਣ ਲਈ ਅਰਦਾਸ ਕੀਤੀ। ਅੱਜ ਦੀ ਮੀਟਿੰਗ ਵਿਚ ਦਿਲਜੀਤ ਸਿੰਘ ਬੇਦੀ , ਸਰਪ੍ਰਸਤ , ਜੋਗਿੰਦਰ ਪਾਲ ਸਿੰਘ ਕੁੰਦਰਾ ਚੇਅਰਮੈਨ , ਹਰਜਿੰਦਰ ਸਿੰਘ ਕਾਕਾ , ਲੱਖਾ ਸਿੰਘ ਆਜ਼ਾਦ , ਸਰਪੰਚ ਸੁਰਿੰਦਰ ਪਾਲ ਲੱਡੂ , ਅਮਰਜੀਤ ਸਿੰਘ , ਅਮਨਦੀਪ ਕੌਰ ਆਦਿ ਸਾਥੀ ਪੱਤਰਕਾਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# 9 ਵਿਅਕਤੀਆਂ ਖਿਲਾਫ਼ ਧੋਖਾਧੜੀ ਦਾ ਕੇਸ ਦਰਜ

**ਬਰਨਾਲਾ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਗੌਰਮਿੰਟ ਤੋਂ ਅਪਰੂਵਡ ਕਾਲੋਨੀ ਕੱਟ ਕੇ ਅਤੇ ਉਸ ਨੂੰ ਸੁੰਦਰ ਢੰਗ ਨਾਲ ਬਣਾਉਣ ਦਾ ਝਾਂਸਾ ਦੇ ਕੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਪੁਲਸ ਨੇ ਕਾਲੋਨੀ ਕੱਟਣ ਵਾਲੇ 9 ਵਿਅਕਤੀਆਂ ਖਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਉਕਤ ਕਾਲੋਨਾਈਜ਼ਰਾਂ ਨੇ ਜੋ ਕਾਲੋਨੀ ਵਿਚ ਗਲੀਆਂ ਕੱਟੀਆਂ ਸਨ, ਉਨ੍ਹਾਂ ਗਲੀਆਂ ਤੇ ਵੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਬਰਨਾਲਾ ਨਿਵਾਸੀ ਸੰਜੇ ਕੁਮਾਰ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਬਰਨਾਲਾ ਨੇ ਥਾਣਾ ਸਿਟੀ 2 ਬਰਨਾਲਾ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਸੁਰਿੰਦਰਪਾਲ ਸਿੰਘ ਪੁੱਤਰ ਈਸਰ ਸਿੰਘ ਵਾਸੀ ਮੋਗਾ, ਅੰਗਰੇਜ ਸਿੰਘ ਵਾਸੀ ਗੋਸਪੁਰਾ ਜ਼ਿਲ੍ਹਾ ਬਠਿੰਡਾ, ਵਿਕਰਮਜੀਤ ਸਿੰਘ ਵਾਸੀ ਜੰਨਵੇੜੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਸਿਮਰਨਜੀਤ ਸਿੰਘ ਵਾਸੀ ਗੋਸਪੁਰਾ, ਹਰਧੀਰ ਸਿੰਘ ਵਾਸੀ ਨਿਹਾਲਸਿੰਘਵਾਲਾ, ਰਿਪਦਮਨ ਕੁਮਾਰ ਵਾਸੀ ਬਰਨਾਲਾ, ਨਰਿੰਦਰ ਕੁਮਾਰ ਅਤੇ ਕੇਵਲ ਅਰੋੜਾ ਵਾਸੀ ਬਰਨਾਲਾ, ਪਵਨ ਕੁਮਾਰ ਵਾਸੀ ਹੰਡਿਆਇਆ ਨੇ ਮਿਲ ਕੇ ਇੱਕ ਗਿਰੋਹ ਬਣਾਇਆ ਹੋਇਆ ਹੈ। ਇੰਨ੍ਹਾਂ ਨੇ ਬਰਨਾਲਾ ਵਿਖੇ ਗਰਚਾ ਰੋਡ 'ਤੇ ਇੱਕ ਸੋਚੀ ਸਮਝੀ ਸਾਜਿਸ਼ ਤਹਿਤ 6 ਏਕੜ ਵਿਚ ਅਪਰੂਵਡ ਕਾਲੋਨੀ ਦਾ ਝਾਂਸਾ ਦੇ ਕੇ ਸਾਡੇ ਨਾਲ ਠੱਗੀ ਮਾਰੀ ਅਤੇ ਰਾਤ ਸਮੇਂ ਗਲੀਆਂ ਤੋੜ ਕੇ ਸਾਡਾ ਮਲਬਾ ਅਤੇ ਇੱਟਾਂ ਦੀ ਚੋਰੀ ਕਰ ਲਈਆ। ਇਨ੍ਹਾਂ ਨੇ ਆਮ ਲੋਕਾਂ ਨੂੰ ਵਧਿਆ ਕਾਲੋਨੀ ਕੱਟਣ ਅਤੇ ਅਪਰੂਵਡ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਸੀ। ਇੰਨ੍ਹਾਂ ਦੇ ਝਾਂਸੇ ਵਿਚ ਆ ਕੇ ਇਨ੍ਹਾਂ ਤੋਂ ਮੈਂ ਅਤੇ ਓਮ ਪ੍ਰਕਾਸ਼ ਨੇ 26 ਫਰਵਰੀ 2009 ਨੂੰ 20 ਵਿਸ਼ਵੇ ਜਗ੍ਹਾ ਖਰੀਦੀ ਸੀ, ਜੋ ਸਾਰਾ ਕੁੱਝ ਕੇਵਲ ਕ੍ਰਿਸ਼ਨ ਨੇ ਕਰਵਾ ਕੇ ਦਿੱਤਾ ਸੀ। ਇਨ੍ਹਾਂ ਨੇ ਇਸ ਕਾਲੋਨੀ ਵਿਚ ਸਾਰੀਆਂ 25 ਫੁੱਟ ਗਲੀਆਂ ਛੱਡੀਆਂ ਸਨ। ਜਿਸ ਦਾ ਰਕਬਾ ਕਰੀਬ 7 ਕਨਾਲ ਬਣਦਾ ਹੈ। ਅਸੀਂ ਅਤੇ ਕਈ ਹੋਰ ਪਲਾਟ ਹੋਲਡਰ ਇਨ੍ਹਾਂ ਕੋਲ ਕਾਲੋਨੀ ਅਪਰੂਵਡ ਕਰਵਾਉਣ ਲਈ ਜਾਂਦੇ ਰਹੇ ਪਰ ਇਹ ਸਰਕਾਰ ਕੋਲ ਕੋਈ ਫ਼ੀਸ ਭਰਨ ਦਾ ਲਾਰਾ ਲਗਾ ਕੇ ਟਾਲਦੇ ਰਹੇ। ਇਨ੍ਹਾਂ ਵਲੋਂ ਛੱਡੀਆਂ ਗਲੀਆਂ ਨੂੰ ਅਸੀਂ ਸਾਰੇ ਖਰੀਦਦਾਰਾਂ ਨੇ ਭਰਤ ਪਾ ਕੇ ਉੱਚਾ ਕਰ ਲਿਆ ਅਤੇ ਕਈ ਜਗ੍ਹਾਂ ਇੰਟਰਲਾਕ ਟਾਇਲਾਂ ਲਗਵਾ ਲਈਆਂ। ਇਸ ਤਰ੍ਹਾਂ ਇਸ ਕਾਲੋਨੀ ਵਿਚ 4-5 ਖਰੀਦਦਾਰਾਂ ਨੇ ਆਪਣੇ ਮਕਾਨ ਵੀ ਬਣਾ ਲਏ। ਅਸੀਂ ਆਪਣੇ ਪਲਾਟ ਨੂੰ ਨੀਂਹਾਂ ਭਰ ਕੇ ਕੰਧਾਂ ਕੱਢੀਆਂ। 17 ਅਤੇ 18 ਜੂਨ 2024 ਦੀ ਦਰਮਿਆਨੀ ਰਾਤ ਨੂੰ ਮੈਨੂੰ ਬਿੰਦਰ ਭੱਠਲ ਦਾ ਟੈਲੀਫੋਨ ਆਇਆ ਕਿ ਉਕਤ ਵਿਅਕਤੀਆਂ ਨੇ 20-25 ਅਣਪਛਾਤੇ ਵਿਅਕਤੀਆਂ ਨੂੰ ਨਾਲ ਲੈ ਕੇ ਟਰੈਕਟਰ, ਟਰਾਲੀਆਂ ਅਤੇ ਜੇਸੀਬੀ ਮਸ਼ੀਨਾਂ ਦੀ ਮੱਦਦ ਨਾਲ ਸਾਡੀਆਂ ਗਲੀਆਂ ਨੂੰ ਤੋੜ ਦਿੱਤਾ ਅਤੇ ਇੰਟਰਲਾਕ ਟਾਇਲਾਂ ਦਾ ਮਲਬਾ ਵੀ ਚੋਰੀ ਕਰ ਲਿਆ। ਜਦੋਂ ਅਸੀਂ ਰਾਤ ਨੂੰ ਮੌਕੇ 'ਤੇ ਜਾ ਕੇ ਦੇਖਿਆ ਤਾਂ ਇਨ੍ਹਾਂ ਵਿਚ ਹਰਧੀਰ ਸਿੰਘ, ਸੁਰਿੰਦਰ ਸਿੰਘ ਅਤੇ ਅੰਗਰੇਜ਼ ਨੂੰ ਪਛਾਣ ਲਿਆ। ਜੋ ਟਰੈਕਟਰ ਟਰਾਲੀਆਂ ਵਿਚ ਮਲਬਾ ਚੁੱਕ ਰਹੇ ਸੀ। ਜਦੋਂ ਅਸੀਂ ਉਨ੍ਹਾਂ ਨੂੰ ਇਸ ਬਾਰੇ ਪੁੱਛਿਆ ਕਿ ਤੁਸੀਂ ਗਲਤ ਕੰਮ ਕਿਉਂ ਕਰ ਰਹੇ ਹੋ ਤਾਂ ਉਨ੍ਹਾਂ ਕਿਹਾ ਕਿ ਦੂਜੇ ਪਾਰਟਨਰ ਕੇਵਲ ਕ੍ਰਿਸ਼ਨ ਵਗੈਰਾ ਨੇ ਆਪਣੇ ਹਿੱਸੇ ਦੀਆਂ ਗਲੀਆਂ ਪਹਿਲਾਂ ਹੀ ਵੇਚ ਦਿੱਤੀਆਂ ਹਨ। ਸਾਨੂੰ ਵੀ ਉਨ੍ਹਾਂ ਨੇ ਕਿਹਾ ਕਿ ਤੁਸੀਂ ਗਲੀਆਂ ਤੋੜ ਕੇ ਇਸ ਜਗ੍ਹਾ ਨੂੰ ਆਪਣੇ ਨਾਲ ਮਿਲਾ ਕੇ ਅੱਗੇ ਵੇਚ ਦਿਉਂ ਕਿਉਂਕਿ ਹੁਣ ਇਹ ਕਾਲੋਨੀ ਅਪਰੂਵਡ ਨਹੀਂ ਹੋ ਸਕਦੀ। ਇਸ ਕਰਕੇ ਹੁਣ ਤੁਹਾਡਾ ਕੋਈ ਕੁੱਝ ਨਹੀਂ ਵਿਗਾੜ ਸਕਦਾ। ਉਹ ਸਾਨੂੰ ਡਰਾ ਧਮਕਾ ਕੇ ਮਲਬਾ ਚੋਰੀ ਕਰਕੇ ਲੈ ਗਏ। ਮੁਦੱਈ ਦੇ ਬਿਆਨਾਂ ਦੇ ਆਧਾਰ 'ਤੇ ਬਰਨਾਲਾ ਪੁਲਿਸ ਦੇ ਸਬ-ਇੰਸਪੈਕਟਰ ਨਿਰਮਲ ਸਿੰਘ ਨੇ ਸੁਰਿੰਦਰਪਾਲ ਸਿੰਘ ਵਾਸੀ ਮੋਗਾ, ਅੰਗਰੇਜ ਸਿੰਘ ਵਾਸੀ ਗੋਸਪੁਰਾ ਜ਼ਿਲ੍ਹਾ ਬਠਿੰਡਾ, ਵਿਕਰਮਜੀਤ ਸਿੰਘ ਵਾਸੀ ਜੰਨਵੇੜੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਸਿਮਰਨਜੀਤ ਸਿੰਘ ਵਾਸੀ ਗੋਸਪੁਰਾ, ਹਰਧੀਰ ਸਿੰਘ ਵਾਸੀ ਨਿਹਾਲਸਿੰਘਵਾਲਾ, ਰਿਪਦਮਨ ਕੁਮਾਰ ਵਾਸੀ ਬਰਨਾਲਾ, ਨਰਿੰਦਰ ਕੁਮਾਰ ਅਤੇ ਕੇਵਲ ਅਰੋੜਾ ਵਾਸੀ ਬਰਨਾਲਾ, ਪਵਨ ਕੁਮਾਰ ਵਾਸੀ ਹੰਡਿਆਇਆ ਦੇ ਖਿਲਾਫ਼ ਧਾਰਾ 420, 380, 506, 120ਬੀ ਅਤੇ ਧਾਰਾ 36 ਅਧੀਨ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਮੁੜ ਬਹਾਲੀ 'ਤੇ ਆਈ.ਜ਼ੀ. ਉਮਰਾਨੰਗਲ ਨੂੰ ਭੇਂਟ ਕੀਤਾ ਗੁਲਦਸਤਾ



**ਚੌਕ ਮਹਿਤਾ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੋਟਕਪੂਰਾ ਗੋਲੀਕਾਂਡ 'ਚ ਮੁਅੱਤਲ ਆਈ.ਜ਼ੀ.ਪਰਮਰਾਜ ਸਿੰਘ ਉਮਰਾਨੰਗਲ ਦੀ ਮੁੜ ਬਹਾਲੀ ਖ਼ੁਸ਼ੀ 'ਚ ਸੀਨੀਅਰ ਅਕਾਲੀ ਆਗੂ ਗੁਰਧਿਆਨ ਸਿੰਘ ਮਹਿਤਾ,ਗੁਰਜ਼ਿੰਦਰ ਸਿੰਘ ਢੁੱਪਈਆ ਤੇ ਜਸਬੀਰ ਸਿੰਘ ਚੀਚਾ ਨੇ ਉਨ੍ਹਾਂ ਨੂੰ ਦਿਲੀ ਵਧਾਈ ਦਿੰਦ ਹੋਏ ਗੁਲਦਸਤਾ ਭੇਂਟ ਕੀਤਾ।ਇਸ ਦੌਰਾਨ ਗੁਰਧਿਆਨ ਸਿੰਘ ਮਹਿਤਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਅਪਾਰ ਕ੍ਰਿਪਾ ਸਦਕਾ ਹੱਕ ਤੇ ਸੱਚ ਦੀ ਜਿੱਤ ਹੋਈ ਹੈ।ਇਸ ਮੌਕੇ ਤੇਜਿੰਦਰਪਾਲ ਸਿੰਘ ਲਾਡੀ ਤੇ ਮਾ.ਬਲਜਿੰਦਰ ਸਿੰਘ ਬੁੱਟਰ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਜੀਵ ਸ਼ਰਮਾ ਕਲਰਕ ਨਹਿਰੀ ਵਿਭਾਗ ਕੈਨਾਲ ਕਲੋਨੀ ਫ਼ਿਰੋਜ਼ਪੁਰ ਜ਼ੋ ਕਿ ਪਿਛਲੇ 10 ਸਾਲਾਂ ਤੋਂ ਸੇਵਾ ਮੁਕਤ ਮੁਲਾਜ਼ਮਾਂ ਦੇ ਮੈਡੀਕਲ ਅਤੇ ਹੋਰ ਕਾਗਜ਼ਾਤ ਮੁਫਤ ਕਰਦੈ ਤਿਆਰ



**ਫ਼ਿਰੋਜ਼ਪੁਰ, 21 ਜੁਲਾਈ (ਮਨੋਹਰ ਲਾਲ)** :— ਕੁਝ ਇਨਸਾਨ ਇਹੋ ਜਿਹੇ ਹੁੰਦੇ ਹਨ ਜ਼ੋ ਆਪਣੀ ਜਿੰਦਗੀ ਵਿਚ ਸਮਾਜ ਸੇਵਾ ਨੂੰ ਮੁੱਖ ਸਮਝਦੇ ਹਨ ਅਤੇ ਮਨੁੱਖਤਾ ਦੀ ਸੇਵਾ ਹੀ ਆਪਣਾ ਸੱਚਾ ਧਰਮ ਸਮਝਦੇ ਹਨ, ਇਸੇ ਤਰ੍ਹਾਂ ਸੰਜੀਵ ਸ਼ਰਮਾ ਕਲਰਕ ਨਹਿਰੀ ਵਿਭਾਗ ਕੈਨਾਲ ਕਲੋਨੀ ਫ਼ਿਰੋਜ਼ਪੁਰ ਜ਼ੋ ਕਿ ਪਿਛਲੇ 10 ਸਾਲਾਂ ਤੋਂ ਸੇਵਾ ਮੁਕਤ ਮੁਲਾਜ਼ਮਾਂ ਦੇ ਮੈਡੀਕਲ ਰੀਇੰਬਰਸਮੈਂਟ ਬਿੱਲਾਂ ਨੂੰ ਬਨਾਉਣ ਦੀ ਮੁਫਤ ਸੇਵਾ ਕਰਦਾ ਆ ਰਿਹਾ ਹੈ, ਜਿਸ ਦੀ ਹਰ ਰਿਟਾਇਰ ਹੋਇਆ ਮੁਲਾਜ਼ਮ ਸ਼ਲਾਘਾ ਕਰਦਾ ਹੈ ਅਤੇ ਰਿਟਾਇਰ ਹੋਇਆ ਮੁਲਾਜ਼ਮ ਸੰਜੀਵ ਸ਼ਰਮਾ ਦੀ ਸ਼ਲਾਘਾ ਕਰਦਾ ਹੈ। ਇਸ ਮੌਕੇ ਤੇ ਸੰਜੀਵ ਸ਼ਰਮਾ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਵੈਸੇ ਤਾਂ ਹਰ ਆਦਮੀ ਪੈਸੇ ਪਿਛੇ ਰਾਤ ਦਿਨ ਭੱਜਦਾ ਹੈ, ਪਰ ਭਗਵਾਨ ਨੇ ਉਸ ਨੂੰ ਜਿਥੇ ਰੱਖਣਾ ਹੈ, ਉਥੇ ਹੀ ਇਨਸਾਨ ਨੂੰ ਰਹਿਣਾ ਪੈਂਦਾ ਹੈ, ਸਾਡੀ ਭੱਜਦੋੜ ਦੀ ਜਿੰਦਗੀ ਵਿਚ ਸਾਨੂੰ ਕੁਝ ਕੰਮ ਸਮਾਜ ਸੇਵਾ ਦੇ ਵੀ ਕਰਨੇ ਚਾਹੀਦੇ ਹਨ, ਮੈਨੂੰ ਵੀ ਇਸੇ ਤਰ੍ਹਾਂ ਲੋਕ ਸੇਵਾ ਦਾ ਸ਼ੌਕ ਜਾਗਿਆ ਅਤੇ ਮੈਂ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਰੁਝਾਵਿਆਂ ਭਰੀ ਜਿੰਦਗੀ ਵਿਚੋਂ ਕੁਝ ਸਮਾਂ ਸਮਾਜ ਸੇਵਾ ਵਿਚ ਲਾਉਣਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਡੇਰਾਬੱਸੀ ਹਲਕੇ ਵਿੱਚ ਨਹੀਂ ਰੁਕ ਰਹੀਆਂ ਕੇਸਾਂ ਦੀਆਂ ਬੇਅਦਬੀਆਂ

☛ ਦੋਸ਼ੀਆਂ ਨੇ ਦੋ ਪੁੱਤਰਾਂ ਸਮੇਤ ਪਿਓ ਅਤੇ ਛੁਡਾਉਣ ਵਾਲੇ ਦੀ ਕੀਤੀ ਕੇਸਾਂ ਦੀ ਬੇਅਦਬੀ ☛ ਵੀਡੀਓ ਤੇ ਦੋਸ਼ੀ ਗੁਰਜੰਟ ਸਿੰਘ ਪੁੱਤਰ ਅਮਰਨਾਥ ਦਾ ਕਬੂਲਨਾਮਾ ਕਿ ਕੇਸਾਂ ਦੀ ਬੇਅਦਬੀ ਕਰਨ ਦੀ ਗਲਤੀ ਮੇਰੇ ਤੋਂ ਹੋਈ ਹੈ ਮੈਨੂੰ ਮਾਫ ਕਰ ਦਿਓ



ਤਾਜ਼ੀ ਘਟਨਾ ਦੱਪਰ ਰੇਲਵੇ ਫਾਟਕ ਦੇ ਨੇੜੇ ਦੇਖਣ ਨੂੰ ਮਿਲੀ ਜਿੱਥੇ ਬਲਕਾਰ ਸਿੰਘ ਪਾਠੀ ਸਿੰਘ ਦੇ ਦੋ ਬੇਟੇ ਪਰਵਿੰਦਰ ਸਿੰਘ ਪ੍ਰਭਜੋਤ ਸਿੰਘ ਆਪਣੀ ਟਿਊਸ਼ਨ ਕਲਾਸ ਏ ਵਨ ਇੰਸਟੀਟਿਊਟ ਤੋਂ ਵਾਪਸ ਆ ਰਹੇ ਸੀ ਜਿੱਥੇ ਅਚਾਨਕ ਦੋਵੇਂ ਸਕੇ ਭਰਾਵਾਂ ਤੇ, ਗੁਰਜੰਟ ਸਿੰਘ ਪਿਤਾ ਅਮਰਨਾਥ ਸਿੰਘ ਤੇ ਗੁਰਮੁਖ ਸਿੰਘ ਨੇ ਹਮਲਾ ਕਰ ਦਿੱਤਾ ।ਗੁਰਜੰਟ ਸਿੰਘ ਤੇ ਗੁਰਮੁਖ ਸਿੰਘ ਨੇ ਰਲ ਕੇ ਗ੍ਰੰਥੀ ਸਿੰਘ ਦੇ ਦੋਵੇਂ ਬੇਟਿਆਂ ਦੀ ਕੇਸਾਂ ਦੀ ਬੇਅਦਬੀ ਕੀਤੀ । ਇੱਥੇ ਤੱਕ ਕੇ ਦੋਵੇਂ ਦੋਸ਼ੀਆਂ ਨੇ ਰੂਬਲ ਨਾਮ ਦਾ ਮੁੰਡਾ ਜੋ ਲੜਾਈ ਨੂੰ ਛੁਡਾਉਣ ਵਾਸਤੇ ਆਇਆ ਸੀ ਉਸਦੇ ਵੀ ਕੇਸਾਂ ਦੀ ਬੇਅਦਬੀ ਕੀਤੀ ਗਈ । ਜਿਸ ਦੀ ਵੀਡੀਓ ਸੋਸ਼ਲ ਮੀਡੀਆ ਤੇ ਲਗਾਤਾਰ ਵਾਇਰਲ ਹੋ ਰਹੀ ਐ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਝਗੜੇ ਵਿੱਚ ਡੇਰਾਬਸੀ ਸਿਵਲ ਹਸਪਤਾਲ ਵਿੱਚ ਦੋਵੇਂ ਪਾਰਟੀਆਂ ਦੇ ਲਗਭਗ ਇੱਕ ਦਰਜਨ ਵਿਅਕਤੀ ਇਲਾਜ ਲਈ ਦਾਖਲ ਹਨ । ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਦੋਵੇਂ ਪਾਰਟੀਆਂ ਪਿੰਡ ਬੈਰ ਮਾਜਰਾ ਦੀਆਂ ਰਹਿਣ ਵਾਲੀਆਂ ਹਨ ।

ਨਰਿੰਦਰ ਕੁਮਾਰ ਚੌਂਕੀ ਇੰਚਾਰਜ ਲੈਹਲੀ (ਥਾਣਾ ਲਾਲੜੂ ) ਪੰਜਾਬ ਪੁਲਿਸ ਨੇ ਗੱਲਬਾਤ ਦੌਰਾਨ ਦੱਸਿਆ ਕਿ ਪੜਤਾਲ ਜਾਰੀ । ਦੋਵੇਂ ਪਾਰਟੀਆਂ ਦੇ ਬਿਆਨਾਂ ਦੇ ਆਧਾਰ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ ।

**-ਪਰਗਟ ਸਿੰਘ ਬਲ਼ਬੇੜ੍ਹਾ, 9815131870**

### ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਚੌਥੀ ਬਰਸੀ ਮੌਕੇ

# ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਦੂਜੀ ਮੰਜ਼ਿਲ ਦੀ ਕਾਰ ਸੇਵਾ ਦੀ ਆਰੰਭਤਾ










**ਚੌਕ ਮਹਿਤਾ, 21 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਚੌਥੀ ਬਰਸੀ ਮੌਕੇ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਦੇ ਅਸਥਾਨਾਂ ਦੀ ਦੂਜੀ ਮੰਜ਼ਿਲ ਦੀ ਕਾਰ ਸੇਵਾ ਦੀ ਆਰੰਭਤਾ ਕਰਦਿਆਂ ਇਲਾਕੇ ਦੇ ਪੰਜ ਨਗਰਾਂ ਦੇ ਗੁਰੂ ਘਰਾਂ ਦੇ ਗ੍ਰੰਥੀ ਸਾਹਿਬਾਨਾਂ ਕੋਲੋਂ ਨੀਂਹ ਪੱਥਰ ਰਖਵਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਸਤਨਾਮ ਸਿੰਘ ਵੱਲੀਆਂ ਨੇ ਪਤਰਕਾਰਾਂ ਨੂੰ ਦਸਿਆ ਕਿ ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਚੌਥੀ ਬਰਸੀ ਦੇ ਸਬੰਧ ਵਿੱਚ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 19 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਜਿਨ੍ਹਾਂ ਦੇ ਅੱਜ 21 ਜੁਲਾਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਭੋਗ ਪਾਏ ਗਏ ਉਪਰੰਤ ਭਾਈ ਸਲਵਿੰਦਰ ਸਿੰਘ ਜੀ ਅਤੇ ਭਾਈ ਪਿੱਪਲ ਸਿੰਘ ਜੀ ਦੇ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਕੀਤੇ ਗਏ। ਇਸ ਮੌਕੇ ਗੁਰਦੁਆਰਾ ਗੁਰੂ ਸਰ ਜ਼ਾਮਨੀ ਸਾਹਿਬ ਜੀ ਕਵੀਸ਼ਰੀ ਜਥੇ ਭਾਈ ਜਸਵੰਤ ਸਿੰਘ ਜੀ ਦੇ ਜਥੇ ਵੱਲੋਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਨੇ ਦੱਸਿਆ ਕਿ ਪੰਜ ਨਗਰਾਂ ਜਿਨ੍ਹਾਂ ਵਿੱਚ ਨਗਰ ਵਾਹਗੇ ਵਾਲਾ ਬਾਬਾ ਪ੍ਰੀਤਮ ਸਿੰਘ ਜੀ ਅਤੇ ਬਾਬਾ ਕੁਲਬੀਰ ਸਿੰਘ, ਪਿੰਡ ਵੱਲੀਆਂ ਦੇ ਬਾਬਾ ਸ਼ੰਗਾਰਾ ਸਿੰਘ, ਪਿੰਡ ਰੋਡੇ ਵਾਲਾ ਦੇ ਬਾਬਾ ਬਲਕਾਰ ਸਿੰਘ, ਪਿੰਡ ਪੀਰੂਵਾਲਾ ਦੇ ਬਾਬਾ ਬਲਵਿੰਦਰ ਸਿੰਘ, ਪਿੰਡ ਵਾਹਕੇ ਦੇ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਜੀ ਹੈਡ ਗ੍ਰੰਥੀ ਭਾਈ ਜੱਸਾ ਸਿੰਘ ਜੀ ਪਿੰਡ ਨਿਹੰਗ ਸਿੰਘਾਂ ਵਾਲਾ ਮੋੜ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ ਜੀ ਗਿਆਰਾਂ ਮੂਲ ਮੰਤਰ ਦੇ ਜਾਪ ਅਤੇ ਗੁਰ ਮੰਤ੍ਰ ਦਾ ਜਾਪ ਕਰ ਕੇ ਗੁਰਦੁਆਰਾ ਸਾਹਿਬ ਦੀ ਦੂਜੀ ਮੰਜ਼ਿਲ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਇਲਾਕੇ ਦੇ ਪੰਚਾਂ ਸਰਪੰਚਾਂ ਤੋਂ ਇਲਾਵਾ ਟੀਮ ਭਾਈ ਅਮ੍ਰਿਤਪਾਲ ਸਿੰਘ ਦੇ ਨੌਜਵਾਨ ਆਗੂ ਭਾਈ ਹਰਜਿੰਦਰ ਸਿੰਘ ਹਸ਼ਮਤ ਵਾਲਾ, ਭਾਈ ਕੁਲਵਿੰਦਰ ਸਿੰਘ ਨਿਜ਼ਾਮੀ ਵਾਲਾ, ਬਾਬਾ ਲੱਖਾ ਸਿੰਘ ਬੁੱਟਰ ਰੋਸ਼ਨ ਸ਼ਾਹ ਵਾਲਾ,ਭਾਈ ਨਰਿੰਦਰ ਸਿੰਘ ਮੱਖੂ, ਭਾਈ ਕਾਬਲ ਸਿੰਘ ਬੂਟੇ ਵਾਲਾ, ਭਾਈ ਜੋਗਾ ਸਿੰਘ ਨੰਗਲ, ਰਾਮਗੜ੍ਹੀਆ ਰਾਜ ਮਿਸਤਰੀ, ਮਜ਼ਦੂਰ ਯੂਨੀਅਨ ਦੇ ਭਾਈ ਸ਼ਿੰਗਾਰ ਸਿੰਘ ਭਿੱਖੀਵਿੰਡ, ਭਾਈ ਅਮਰਜੀਤ ਸਿੰਘ ਭਿੱਖੀਵਿੰਡ, ਭਾਈ ਗੁਰਚਰਨ ਸਿੰਘ ਭਿੱਖੀਵਿੰਡ, ਭਾਈ ਮੰਗਤ ਸਿੰਘ ਮਾੜੀ ਗੌੜ ਸਿੰਘ , ਇੰਟਰਨੈਸ਼ਨਲ ਪੰਥਕ ਦਲ ਦੇ ਭਾਈ ਜੋਗਿੰਦਰ ਸਿੰਘ ਮੀਤ ਪ੍ਰਧਾਨ ਪੰਜਾਬ, ਭਾਈ ਮਲਕੀਤ ਸਿੰਘ ਸ਼ਾਮ ਸਿੰਘ ਵਾਲਾ, ਭਾਈ ਇੰਦਰਜੀਤ ਸਿੰਘ ਇਕਾਈ ਪ੍ਰਧਾਨ, ਭਾਈ ਜੋਰਾ ਸਿੰਘ ਸ਼ਾਮ ਸਿੰਘ ਵਾਲਾ, ਇਸ ਮੌਕੇ ਭਾਈ ਬੇਅੰਤ ਸਿੰਘ ਐੱਮ ਸੀ ਵੱਲੋਂ 50 ਬੋਰੀਆਂ ਸੀਮਿੰਟ ਦੀ ਸੇਵਾ, ਭਾਈ ਪਰਮਜੀਤ ਸਿੰਘ ਬਾਜਵਾ ਯੂ ਕੇ ਵੱਲੋਂ ਇੱਕ ਲੱਖ ਰੁਪਏ, ਭਾਈ ਅਰਸ਼ਦੀਪ ਸਿੰਘ ਕਨੇਡਾ ਤੀਹ ਹਜ਼ਾਰ ਰੁਪਏ, ਭਾਈ ਕੁਲਵੰਤ ਸਿੰਘ ਫਿਰੋਜ਼ਪੁਰ ਵੱਲੋਂ 2100 ਰੁਪਏ ਅਤੇ ਹੋਰ ਸੰਗਤਾਂ ਵੱਲੋਂ ਵੀ ਤਨ ਮਨ ਧਨ ਨਾਲ ਸੇਵਾ ਕੀਤੀ ਗਈ। ਇਸ ਬਾਬਾ ਸਤਨਾਮ ਸਿੰਘ ਵੱਲੀਆਂ ਅਤੇ ਭਾਈ ਸਰਬਜੀਤ ਸਿੰਘ ਵੱਲੀਆਂ, ਭਾਈ ਗੁਰਜੀਤ ਸਿੰਘ ਵੱਲੀਆਂ ਨੇ ਸਾਰੀਆਂ ਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਸਰਪੰਚ ਹਰਜੀਤ ਸਿੰਘ ਦੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ-ਸਿੰਘ ਸਾਹਿਬ

**ਮੋਗਾ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਸਰਪੰਚ ਹਰਜੀਤ ਸਿੰਘ ਰੋਡੇ ਦੇ ਦੁਸਹਿਰਾ ਸਮਾਗਮ ਅਤੇ ਅੰਤਿਮ ਅਰਦਾਸ ਸਮਾਗਮ ਵਿੱਚ ਧਾਰਮਿਕ, ਸਿਆਸੀ ਅਤੇ ਸਮਾਜਿਕ ਸ਼ਖਸੀਅਤਾਂ ਅਤੇ ਸੰਗਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਵਿਦੇਸ਼ਾਂ ਤੋਂ ਕਈ ਜਥੇਬੰਦੀਆਂ ਅਤੇ ਸ਼ਖਸੀਅਤਾਂ ਨੇ ਸ਼ੋਕ ਸੰਦੇਸ਼ ਭੇਜ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਵਾਲੀਆਂ ਸਮੂਹ ਸ਼ਖਸੀਅਤਾਂ ਅਤੇ ਸੰਗਤਾਂ ਦਾ ਬਾਬਾ ਜੋਗਿੰਦਰ ਸਿੰਘ ਜੀ ਦੇ ਸਮੁੱਚੇ ਰੋਡੇ ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰਜੀਤ ਸਿੰਘ ਰੋਡੇ ਦੇ ਭਤੀਜੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨੇ ਕਿਹਾ ਕਿ ਵੱਡੇ ਪੰਥਕ ਰੁਝੇਵਿਆਂ, ਸਖਤ ਗਰਮੀ ਦੇ ਮੌਸਮ ਵਿੱਚ ਵੱਖ-ਵੱਖ ਸ਼ਖਸੀਅਤਾਂ ਨੇ ਪਿੰਡ ਰੋਡੇ ਗੁਰਦੁਆਰਾ ਸੰਤ ਖਾਲਸਾ ਵਿਖੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ, ਇਸ ਲਈ ਇਹ ਸਾਰੀਆਂ ਸ਼ਖਸੀਅਤਾਂ ਅਤੇ ਸੰਗਤਾਂ ਧੰਨਵਾਦ ਦੀਆਂ ਪਾਤਰ ਹਨ। ਸਿੰਘ ਸਾਹਿਬ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ, ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇ ਵਾਲੇ, ਜਥੇਦਾਰ ਬਾਬਾ ਸਰਵਣ ਸਿੰਘ ਰਸਾਲਦਾਰ ਬੁੱਢਾ ਦਲ, ਸ. ਸਿਮਰਨਜੀਤ ਸਿੰਘ ਮਾਨ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗਿਆਨੀ ਸੁਰਜੀਤ ਸਿੰਘ ਸੋਧੀ ਦਮਦਮੀ ਟਕਸਾਲ, ਸ. ਸਰਬਜੀਤ ਸਿੰਘ ਖਾਲਸਾ ਐੱਮ.ਪੀ. ਫਰੀਦਕੋਟ, ਐਡਵੋਕੇਟ ਰਾਜਦੇਵ ਸਿੰਘ ਸਾਬਕਾ ਐੱਮ.ਪੀ, ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਐੱਸ.ਜੀ.ਪੀ.ਸੀ., ਭਾਈ ਬਲਦੇਵ ਸਿੰਘ ਚੂੰਘਾਂ ਮੈਂਬਰ ਐੱਸ.ਜੀ.ਪੀ.ਸੀ., ਸੰਤ ਬਾਬਾ ਬੂਟਾ ਸਿੰਘ ਗੁੜਥੜੀ ਮੈਂਬਰ ਐੱਸ.ਜੀ.ਪੀ.ਸੀ., ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਐੱਸ.ਜੀ.ਪੀ.ਸੀ., ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ, ਸੰਤ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਦਿੱਲੀ ਸਿੱਖ ਮੈਨੇਜਮੈਂਟ ਕਮੇਟੀ, ਭਾਈ ਮਨਜੀਤ ਸਿੰਘ ਭੂਰਾ ਕੋਹਨਾ ਮੈਂਬਰ ਐੱਸ.ਜੀ.ਪੀ.ਸੀ., ਭਾਈ ਅਜਾਇਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਐੱਸ.ਜੀ.ਪੀ.ਸੀ., ਭਾਈ ਅਵਤਾਰ ਸਿੰਘ ਵਣਾ ਵਾਲੀ ਮੈਂਬਰ ਧਰਮ ਪ੍ਰਚਾਰ ਐੱਸ.ਜੀ.ਪੀ.ਸੀ, ਸ. ਕਿਰਨਬੀਰ ਸਿੰਘ ਕੰਗ ਯੂਥ ਅਕਾਲੀ ਆਗੂ, ਸ. ਤੇਜਵੰਤ ਸਿੰਘ ਗਰੇਵਾਲ, ਸ. ਦਇਆ ਸਿੰਘ ਲਾਹੋਰੀਆ (ਬੰਦੀ ਸਿੰਘ), ਮਨਜਿੰਦਰ ਸਿੰਘ ਈ.ਸੀ., ਸੰਤ ਚਮਕੌਰ ਸਿੰਘ ਪੰਜ ਗਰਾਈਆਂ, ਸੰਤ ਹਰੀ ਸਿੰਘ ਨਾਨਕਸਰ ਹਰੀਕੇ, ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰੇ ਪੰਜਾਬ ਅਕਾਲੀ ਦਲ, ਜਥੇਦਾਰ ਬੂਟਾ ਸਿੰਘ ਰਣਸੀਂਹ ਕੇ, ਸ਼ਹੀਦ ਭਾਈ ਬੇਅੰਤ ਸਿੰਘ ਦੀ ਸਪੁੱਤਰੀ ਬੀਬੀ ਅੰਮ੍ਰਿਤ ਕੌਰ, ਸ਼ਹੀਦ ਭਾਈ ਕੇਹਰ ਸਿੰਘ ਦੇ ਪੁੱਤਰ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਦੇ ਭਤੀਜੇ ਭਾਈ ਸੁਖਵਿੰਦਰ ਸਿੰਘ ਅਗਵਾਨ, ਭਾਈ ਅਵਤਾਰ ਸਿੰਘ ਖੰਡੇ ਦੀ ਮਾਤਾ ਚਰਨਜੀਤ ਕੌਰ, ਸੰਤ ਰਮਨਦੀਪ ਸਿੰਘ ਮੰਡੀਰਾਂ ਵਾਲੇ, ਸੰਤ ਸੁਖਪ੍ਰੀਤ ਸਿੰਘ ਰਾਜੇਆਣਾ, ਭਾਈ ਅਮਰਜੀਤ ਸਿੰਘ ਮਰਿਯਾਦਾ (ਕਣਕਵਾਲ ਵਾਲੇ) ਭਾਈ ਬਲਵਿੰਦਰ ਸਿੰਘ ਫਿਰੋਜਪੁਰ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਭਾਈ ਪਰਮਜੀਤ ਸਿੰਘ ਸਹੋਲੀ ਪ੍ਰਧਾਨ ਸੁਤੰਤਰ ਅਕਾਲੀ ਦਲ, ਜਥੇਦਾਰ ਸਵਰਨਜੀਤ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਦੋਆਬਾ, ਭਾਈ ਮਨਦੀਪ ਸਿੰਘ ਦੀਪ ਸਿੱਧੂ ਦੇ ਭਰਾਤਾ, ਭਾਈ ਸੁਖਰਾਜ ਸਿੰਘ ਨਿਆਮੀਵਾਲਾ, ਸ. ਦਲੇਰ ਸਿੰਘ ਡੋਡ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ (ਪ੍ਰਧਾਨ ਫਤਹਿ ਅਕਾਲੀ ਦਲ) ਸ. ਕਮਲਜੀਤ ਸਿੰਘ ਬਰਾੜ, ਭਾਈ ਗੁਰਸੇਵਕ ਸਿੰਘ ਜਵਾਹਰਕੇ, ਸ. ਦਲੀਪ ਸਿੰਘ ਚੱਕਰ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ, ਸੰਤ ਜਤਿੰਦਰ ਸਿੰਘ ਗੋਬਿੰਦ ਬਾਗ ਵਾਲੇ ਕਾਰਜਕਾਰੀ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਬਾਬਾ ਸਤਨਾਮ ਸਿੰਘ ਵਲੀਆਂ ਪ੍ਰਧਾਨ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ ਇੰਟਰਨੈਸ਼ਨਲ ਪੰਥਕ ਦਲ, ਭਾਈ ਈਸ਼ਰ ਸਿੰਘ ਜੀ ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਕੈਪਟਨ ਹਰਚਰਨ ਸਿੰਘ ਰੋਡੇ, ਭਾਈ ਕੁਲਦੀਪ ਸਿੰਘ ਰੋਡੇ ਸਕੱਤਰ ਐੱਸ.ਜੀ.ਪੀ.ਸੀ., ਭਾਈ ਕਿਰਪਾ ਸਿੰਘ ਨੱਥੂਵਾਲਾ ਪ੍ਰਧਾਨ ਕਿਸਾਨ ਵਿੰਗ ਇੰਟਰਨੈਸ਼ਨਲ ਪੰਥਕ ਦਲ, ਭਾਈ ਲਖਵਿੰਦਰ ਸਿੰਘ ਫਿਰੋਜ਼ਪੁਰ, ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥਕ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਜੀ ਸੰਪਰਦਾਏ ਵੱਲੋਂ ਬਾਬਾ ਰਾਜਾ ਸਿੰਘ ਜੀ, ਬਾਬਾ ਹਰਦਿਆਲ ਸਿੰਘ ਭਿੰਡਰ ਅਤੇ ਹੋਰ ਸ਼ਖਸੀਅਤਾਂ, ਸੰਗਤਾਂ ਨੇ ਪਹੁੰਚ ਕੇ ਸਰਪੰਚ ਹਰਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ••





## 55ਵੇਂ ਜਨਮ ਦਿਨ 'ਤੇ ਵਿਸੇਸ਼

# ਪੰਥ ਪ੍ਰਸਤ ਸਖਸ਼ੀਅਤ ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ





ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ ਦਾ ਜਨਮ ਮਾਤਾ ਪਾਲ ਕੌਰ ਦੀ ਕੁੱਖੋ ਹੋਇਆ ਪਿਤਾ ਜਥੇਦਾਰ ਗੁਰਚਰਨ ਸਿੰਘ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਕਾਰਜਕਾਰਨੀ ਦੇ ਮੈਬਰ ਹਨ ਤੇ ਸਮਾਜ ਸੇਵਾ ਵਿੱਚ ਹਮੇਸ਼ਾ ਤੱਤਪਰ ਰਹਿੰਦੇ ਹਨ । ਇਹਨਾਂ ਦੇ ਛੋਟੇ ਭਰਾ ਪੀ ਪੀ ਐਸ ਸ੍ ਕੁਲਵੰਤ ਸਿੰਘ ਸਿੱਧੂ ਜੇਲ ਸੁਪਰਡੈਂਟ ਵਜੋ ਸੇਵਾਵਾ ਨਿਭਾ ਰਹੇ ਹਨ । ਜਦਕਿ ਛੋਟੀ ਭੈਣ ਬੀਬੀ ਪਲਵਿੰਦਰ ਕੌਰ ਮੁੰਬਈ ਵਿਖੇ ਸਵਰਗਵਾਸੀ ਟਰਾਂਸਪੋਰਟਰ ਜਥੇਦਾਰ ਦਾਰਾ ਸਿੰਘ ਦੇ ਬੇਟੇ ਨੂੰ ਵਿਆਹੇ ਹਨ । ਖੇਤੀਬਾੜੀ ਕਰਨ ਵਾਲੇ ਪ੍ਰੀਵਾਰ ਵਿੱਚ ਜਨਮੇ ਸ੍ ਕਰਨੈਲ ਸਿੰਘ ਪੀਰਮੁਹੰਮਦ ਬਚਪਨ ਤੋਂ ਲੈ ਕੇ ਅੱਜ ਤੱਕ ਪੰਥਕ ਕਾਰਜਾਂ 'ਚ ਵੱਧ ਚੜ੍ਹ ਸੇਵਾ ਨਿਭਾਈ ਅਤੇ ਨਿਭਾ ਰਹੇ ਹਨ। ਅੱਜ ਸਮਾਜ 'ਚ ਅਜਿਹੀ ਨਿਰਸੁਆਰਥ ਸਖਸ਼ੀਅਤ ਬਹੁਤ ਘੱਟ ਮਿਲਦੀਆਂ ਹਨ, ਜਿਹੜੀਆਂ ਬਿਨਾਂ ਕਿਸੇ ਲਾਲਚ ਤੋਂ ਪੰਥ ਦੀ ਅਤੇ ਸਮਾਜ ਦੀ ਸੇਵਾ ਕਰਦੀਆਂ ਹਨ। ਦੇਖਿਆ ਜਾਵੇ ਤਾਂ ਰਾਜਨੀਤਕ ਖੇਤਰ 'ਚ 'ਵਿਰਲੇ' ਹੀ ਉਭਰਦੇ ਹਨ ਤਾਂ ਕੋਈ 'ਹਰਿਆ ਬੂਟ ਰਹਿਓ ਰੀ,ਦੇ ਕਥਨ ਅਨੁਸਾਰ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਇਕ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਧਾਰਮਿਕ ਸਿਆਸੀ ਪੜਾਅ ਚ ਵਿਚਰਦਿਆਂ ਲੰਮੇਰਾ ਸਮਾਂ ਹੋ ਗਿਆ ਉਹ ਬੇਦਾਗ. ਸ਼ਖਸੀਅਤ ਉਭਾਰਨ ਚ ਕਾਮਯਾਬ ਰਹੇ ਹਨ। ਉਹਨਾਂ ਦਾ ਵਿਆਹ 24 ਫਰਵਰੀ 1990 ਨੂੰ ਟਕਸਾਲੀ ਅਕਾਲੀ ਪ੍ਰੀਵਾਰ ਜਥੇਦਾਰ ਦਸੌਂਧਾ ਸਿੰਘ ਬਾਠ ਦੀ ਹੋਣਹਾਰ ਬੇਟੀ ਬੀਬੀ ਸੁਖਵਿੰਦਰ ਕੌਰ ਨਾਲ ਹੋਇਆ ਜੋ ਕਿ ਪਿੰਡ ਦੇ ਸਰਬਸੰਮਤੀ ਨਾਲ ਸਰਪੰਚ ਵੀ ਰਹੇ ਤੇ ਉਹਨਾਂ ਦੀ ਕੁੱਖ ਤੋ ਦੋ ਹੋਣਹਾਰ ਬੇਟੇ ਪੈਦਾ ਹੋਏ ਜਿਹਨਾਂ ਨੇ ਸਿੱਧੂ ਪ੍ਰੀਵਾਰ ਦਾ ਨਾਮ ਰੋਸ਼ਨ ਕੀਤਾ । ਵੱਡਾ ਬੇਟਾ ਜੁਡੀਸ਼ੀਅਲ ਮੈਜਿਸਟ੍ਰੇਟ( ਜੱਜ ) ਹੈ ਜਦਕਿ ਛੋਟਾ ਬੇਟਾ ਮਲਟੀਨੈਸ਼ਨਲ ਕੰਪਨੀ ਵਿੱਚ ਕੈਨੇਡਾ ਵਿਖੇ ਨੋਕਰੀ ਕਰ ਰਿਹਾ ਹੈ । ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਮੌਕੇ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੋਹਰੀ ਆਗੂਆਂ ਵਿੱਚ ਸ਼ੁਮਾਰ, ਸ੍ਰ ਕਰਨੈਲ ਸਿੰਘ ਪੀਰਮੁਹੰਮਦ ਆਪਣੀ ਕਾਬਲੀਅਤ ਸਦਕਾ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਦੇ ਅਹੁਦੇ ਤੱਕ ਪਹੁੰਚਣ ਵਿੱਚ ਵੀ ਸਫ਼ਲ ਰਹੇ,ਤੇ ਲਗਾਤਾਰ ਵੀਹ ਸਾਲ ਪੰਥ ਲਈ ਆਪਣੀਆਂ ਸੇਵਾਵਾਂ ਨਿਭਾਉਦੇ ਰਹੇ ਫਿਰ ਨਵੰਬਰ 1984 ਦੀ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ। ਉੱਥੇ ਹੀ ਨਾਲ ਨਾਲ ਪੰਜਾਬ ਦੇ ਸਾਬਕਾ ਖਜਾਨਾ ਮੰਤਰੀ ਮਰਹੂਮ ਕੈਪਟਨ ਕੰਵਲਜੀਤ ਸਿੰਘ ਨਾਲ ਉਹਨਾਂ ਦੇ ਪ੍ਰੀਵਾਰਕ ਸਬੰਧ ਸਨ ਤੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੂੰ ਉਹਨਾਂ ਨਿੱਜੀ ਦਿਲਚਸਪੀ ਲੈਕੇ ਪੰਜਾਬ ਸਰਕਾਰ ਦੇ ਅਦਾਰੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਵਿੱਚ ਡਾਇਰੈਕਟਰ ਨਿਯੁਕਤ ਕਰਵਾਇਆ। ਇਸ ਅਹੁਦੇ ਤੇ ਰਹਿੰਦਿਆ ਉਹਨਾਂ ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ। ਇਸ ਵਕਤ ਵੀ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਦੇ ਡਾਇਰੈਕਟਰ ਹਨ ਤੇ ਹਰ ਸਾਲ ਸਿੱਖੀ ਸਰੂਪ ਵਾਲੀਆ ਹਾਕੀ ਟੀਮਾਂ ਦੇ ਵਿਸ਼ਵ ਵਿਆਪੀ ਟੂਰਨਾਮੈਂਟ ਕਰਵਾਉਂਦੇ ਹਨ । ਸਿੱਖ ਕੌਮ ਦੇ ਅਹਿਮ ਮਸਲਿਆਂ ਨੂੰ ਹੱਲ ਕਰਵਾਉਣ ਲਈ ਜਿਸ ਸ਼ਿੱਦਤ ਨਾਲ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਜੀ ਨੇ ਆਪਣਾ ਯੋਗਦਾਨ ਪਾਇਆ,ਉਹ ਬੇਮਿਸਾਲ ਹੈ ਅਤੇ ਨੌਜਵਾਨ ਪੀੜ੍ਹੀ ਲਈ ਮਾਣ ਵਾਲੀ ਗੱਲ ਅਤੇ ਪ੍ਰੇਰਣਾ ਸਰੋਤ ਹੈ। ਹੁਣੇ ਜਿਹੇ ਆਪਣੀ ਜਿੱਤ ਦਾ ਜਸ਼ਨ ਮਨਾਉਣ ਵਾਲੇ ਕਿਸਾਨ ਅੰਦੋਲਨ ਵਿੱਚ ਵੀ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਹੋਰਾਂ ਦਾ ਯੋਗਦਾਨ ਸ਼ਲਾਘਾਯੋਗ ਰਿਹਾ ਹੈ, ਅੱਜ ਜਦੋਂ ਸਿੱਖ ਕੌਮ ਦੀ ਹਾਲਤ ਤਰਸਯੋਗ ਅਤੇ ਗੰਭੀਰ ਬਣੀ ਹੋਈ ਹੈ,ਕੱਟੜਤਾ ਨੂੰ ਸਮਰਪਿਤ ਪਾਰਟੀਆਂ ਸਿੱਖ ਕੌਮ ਦੀ ਨਿਵੇਕਲੀ ਪਛਾਣ ਨੂੰ ਮਲੀਆਮੇਟ ਕਰਨ ਤੇ ਤੁਲੀਆਂ ਹੋਈਆਂ ਹਨ,ਤਾਂ ਲੋਕ ਭਾਵਨਾਵਾਂ ਅਤੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਹੋਰਾਂ ਨੇ ਸਿੱਖਾਂ ਦੀ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲ ਮੁੜਨ ਦਾ ਫ਼ੈਸਲਾ ਕੀਤਾ ਹੈ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਨੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਹੋਰਾਂ ਦੀਆਂ ਇਨ੍ਹਾਂ ਸੇਵਾਵਾਂ ਨੂੰ ਵੇਖਦਿਆਂ ਹੋਇਆਂ ਸਿੱਖਾਂ ਦੀ ਆਹਲਾ ਜਮਾਤ ਅਤੇ 104 ਸਾਲ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾਂ ਨੂੰ ਕੌਮੀ ਜਨਰਲ ਸਕੱਤਰ,ਅਤੇ ਬੁਲਾਰੇ ਦੀ ਅਹਿਮ ਜ਼ਿੰਮੇਵਾਰੀ ਦੇ ਕੇ ਨਿਵਾਜਿਆ ਗਿਆ ਹੈ। ਇਸ ਤੋ ਇਲਾਵਾ ਸ੍ ਕਰਨੈਲ ਸਿੰਘ ਪੀਰਮੁਹੰਮਦ ਪੰਥਕ ਸਲਾਹਕਾਰ ਬੋਰਡ ਮੈਬਰ ਵੀ ਹਨ । ਪਾਰਟੀਆਂ ਵਿੱਚ ਰਹਿੰਦਿਆਂ ਹੋਇਆਂ ਆਪਸੀ ਮਤਭੇਦ ਹੋਣੇ ਆਮ ਗੱਲ ਹੈ,ਪਰ ਉਨ੍ਹਾਂ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾ ਸਕਦਾ ਹੈ !ਜੇਕਰ ਸ਼੍ਰੋਮਣੀ ਅਕਾਲੀ ਦਲ ਵਿੱਚ ਸਮੇਂ ਦੇ ਨਾਲ ਕੁਝ ਕਮੀਆਂ ਵੀ ਉਜਾਗਰ ਹੋਈਆਂ ਹਨ ਤਾਂ ਉਨ੍ਹਾਂ ਨੂੰ ਆਪਸੀ ਵੀਚਾਰ ਵਟਾਂਦਰੇ ਨਾਲ ਦੂਰ ਕੀਤਾ ਜਾ ਸਕਦਾ ਹੈ,ਆਖਰ ਪਾਰਟੀਆਂ ਵਿਚਾਰਾਂ ਦੀ ਸਾਂਝ ਨਾਲ ਹੀ ਮਜ਼ਬੂਤ ਹੁੰਦੀਆਂ ਹਨ। ਸੋ ਅਸੀਂ ਉਮੀਦ ਕਰਦੇ ਹਾਂ ਕਿ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਆਪਣੇ ਪਿਛੋਕੜ ਦੀ ਤਰ੍ਹਾਂ ਭਵਿੱਖ ਵਿੱਚ ਵੀ ਇਸ ਨਵੀਂ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਯਤਨ ਕਰਦੇ ਰਹਿਣਗੇ,ਅਤੇ ਆਪਣੇ ਦਾਮਨ ਨੂੰ ਪਾਕ ਸਾਫ਼ ਰੱਖਦਿਆਂ ਪੰਜਾਬ ਅਤੇ ਪੰਜਾਬੀਆਂ ਦੇ ਹੱਕੀ ਮਸਲਿਆਂ ਨੂੰ ਉਠਾਉਂਦੇ ਰਹਿਣਗੇ। ਸ੍ ਕਰਨੈਲ ਸਿੰਘ ਪੀਰਮੁਹੰਮਦ ਆਪਣੇ ਬੇਬਾਕ ਵਿਚਾਰਾ ਕਰਕੇ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ ਪਰ ਉਹ ਆਪਣੇ ਵਿਰੋਧਾਭਾਸ ਵਾਲੇ ਵਿਚਾਰਾ ਨੂੰ ਵੀ ਨਿਮਰਤਾ ਸਹਿਤ ਸਵੀਕਾਰਦੇ ਹਨ । ਅਕਾਲ ਪੁਰਖ ਇਸ ਪੰਥਪ੍ਰਸਤ ਸਖਸ਼ੀਅਤ ਨੂੰ ਲੰਮੀ ਆਰਜੂ ਬਖਸ਼ਣ।

**ਗੁਰੂ ਪੰਥ ਦਾ ਦਾਸ ----ਗਿਆਨੀ ਮਾਨ ਸਿੰਘ ਜੰਡੋਲੀ 94177 77377**

# ਜ਼ਿਹਰੀਲੇ ਸੱਪ ਦੇ ਡੰਗਣ ਨਾਲ ਹੋਈ ਹਰਸਿਮਰਨ ਕੌਰ 11 ਸਾਲਾਂ ਦੀ ਜਨਮ ਦਿਨ ਵਾਲੇ ਦਿਨ ਹੀ ਮੌਤ



**ਮੋਗਾ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਮੋਗਾ ਜ਼ਿਲਾ ਦੇ ਪਿੰਡ ਲੋਪੋਂ ਵਿਖੇ ਕਾਲਜ਼ ਰੋੜ ਨੇੜੇ ਰਹਿਣ ਵਾਲੇ ਵਸਣੀਕ ਪਿਤਾ ਗੁਰਜੰਟ ਸਿੰਘ ਅਤੇ ਮਾਤਾ ਪਰਮਜੀਤ ਕੌਰ ਉਨ੍ਹਾਂ ਦੀ ਬੇਟੀ ਹਰਸਿਮਰਨ ਕੌਰ ਜੋ ਕਿ ਉਮਰ 11 ਸਾਲ ਸੀ, ਅਤੇ 5 ਵੀ ਜਮਾਤ ਵਿੱਚ ਪੜ੍ਹਦੀ ਸੀ। ਜਿਸ ਦੀ 18 ਤਾਰੀਖ ਰਾਤ ਨੂੰ ਜ਼ਿਹਰੀਲੇ ਸੱਪ ਦੇ ਡੰਗਣ ਨਾਲ ਮੌਤ ਹੋ ਗਈ।

ਸਾਰਾ ਪਰਿਵਾਰ ਬਾਹਰ ਰਾਤ ਨੂੰ ਪਿਆ ਹੋਇਆ ਸੀ, ਜਦੋਂ ਤਕਰੀਬਨ ਸਵੇਰ ਦੇ ਟਾਈਮ ਬਾਹਰੋਂ ਉੱਠ ਕੇ ਅੰਦਰ ਜਾਕੇ ਪੈਣ ਲੱਗੇ ਤਾਂ ਬੈਡ (ਮੰਜਿਆਂ) ਦੇ ਉਪਰ ਕੱਪੜਿਆਂ ਵਿੱਚ ਕਿਤੇ ਲੁਕ ਕੇ ਬਾਹਰੋਂ ਖੇਤਾਂ ਵਿੱਚੋਂ ਆ ਕੇ ਸੱਪ ਅੰਦਰ ਆਕੇ ਬੈਠ ਗਿਆ ਸੀ ।ਜਦੋ ਪਰਿਵਾਰ ਅੰਦਰ ਪੈ ਰਿਹਾ ਸੀ ਤਾਂ ਹਰਸਿਮਰਨ ਕੌਰ ਦੇ ਉਸ ਜ਼ਿਹਰੀਲੇ ਸੱਪ ਨੇ ਡੱਗ ਮਾਰ ਦਿੱਤਾ। ਅਤੇ ਜਦੋਂ ਉਸਨੇ ਆਪਣੀ ਮਾਤਾ ਨੂੰ ਕਿਹਾ ਕਿ ਮੰਮੀ ਆਪਣੇ ਮੰਜੇ ਤੇ ਕੋਈ ਚੀਜ਼ ਹੈ, ਅਤੇ ਮੇਰੇ ਹੱਥ ਤੇ ਉਸਨੇ ਦੰਦੀ ਵੱਢੀ ਹੈ , ਤਾ ਜਦੋਂ ਉਸਦੀ ਮਾਤਾ ਨੇ ਉੱਠ ਕੇ ਦੇਖਿਆ ਤਾਂ ਜ਼ਿਹਰੀਲਾ ਸੱਪ ਸੀ। ਉਸਨੇ ਦੇਖਦਿਆਂ ਦੇਖਦਿਆਂ ਹਰਸਿਮਰਨ ਕੌਰ ਦੇ ਦੋਵੇਂ ਹੱਥਾਂ ਤੇ ਡੰਗ ਮਾਰ ਦਿੱਤਾ।

ਫਿਰ ਉਸਦੀ ਮਾਤਾ ਪਰਮਜੀਤ ਕੌਰ ਨੇ ਜਦੋਂ ਰੋਲਾਂ ਪਾਇਆ ਅਤੇ ਨਾਲ ਦੇ ਘਰ ਦਿਆਂ ਨੂੰ ਬੁਲਾ ਕੇ ਲਿਆਂਦਾ ਤਾਂ ਇਨੀ ਦੇਰ ਨੂੰ ਸੱਪ ਕਿਤੇ ਜਾਕੇ ਕਮਰੇ ਵਿੱਚ ਲੁਕ ਗਿਆ।

ਜਦੋਂ ਪਰਿਵਾਰ ਨੇ ਆਪਣੇ ਨਾਲ ਦੇ ਘਰ ਦੇ ਮੁੰਡੇ ਨੂੰ ਨਾਲ ਲੈਕੇ ਇਲਾਜ ਲਈ ਹਰਸਿਮਰਨ ਕੌਰ ਨੂੰ ਲੈਕੇ ਗਏ ਤਾਂ, ਕੁਝ ਟਾਈਮ ਬਾਅਦ ਹੀ ਸ਼ਰੀਰ ਵਿੱਚ ਜ਼ਿਆਦਾ ਜ਼ਿਹਰ ਫੈਲਣ ਦੇ ਕਾਰਨ ਹਰਸਿਮਰਨ ਕੌਰ ਦੀ ਮੌਤ ਹੋ ਗਈ। ਅਤੇ ਉਹ ਇਸ ਦੁਨੀਆਂ ਨੂੰ ਛੋਟੀ ਉਮਰ ਵਿੱਚ ਅਲਵਿਦਾ ਕਹਿ ਗਈ। ਪਰਮਾਤਮਾ ਉਸਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਹਰਸਿਮਰਨ ਕੌਰ ਦਾ (ਭੋਗ) ਅੰਤਿਮ ਅਰਦਾਸ ਦਿਨ ਸ਼ੁਕਰਵਾਰ ਨੂੰ ਪਿੰਡ ਲੋਪੋਂ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਰਸੂਲਪੁਰ ਰੋੜ ਵਿਖੇ ਹੋਵੇਗੀ। ਗੁਰੂ ਦੇ ਭਾਣੇ ਵਿੱਚ:- ਸਮੂਹ ਪਰਿਵਾਰ ਅਤੇ ਰਿਸ਼ਤੇਦਾਰ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਕੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾ ਨੂੰ

# ਕੌਮੀ ਨਿਸ਼ਾਨਾ ਬਦਲਣ ਦਾ ਹੱਕ ਹੈ ? - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.




**ਲੰਡਨ, 21 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਭਾਰਤ ਵਿੱਚ ਇਸ ਸਾਲ ਚਾਰ ਜੂਨ ਨੂੰ ਆਏ ਚੋਣ ਨਤੀਜਿਆਂ ਉਪਰੰਤ ਸਿੱਖ ਸਿਆਸਤ ਵਿੱਚ ਆਏ ਦਿਨ ਨਵੀਆਂ ਸਫਬੰਦੀਆਂ ਦੀਆਂ ਖ਼ਬਰਾਂ ਆ ਰਹੀਆਂ ਹਨ।ਜ਼ਿਆਦਾਤਰ ਉਹੀ ਵਿਅਕਤੀ ਸੁਖਬੀਰ ਸਿੰਘ ਬਾਦਲ ਦੇ ਵਿਰੋਧ ਵਿੱਚ ਸਰਗਰਮ ਹਨ ਜਿਨ੍ਹਾਂ ਨੇ ਇਨ੍ਹਾਂ ਚੋਣ ਨਤੀਜਿਆਂ ਤੱਕ ਉਸ ਪਾਰਟੀ ਵਿੱਚ ਰਹਿ ਕੇ ਸੱਤਾ ਦਾ ਸੁੱਖ ਮਾਣਦਿਆਂ ਪਦਾਰਥਵਾਦੀ ਸਹੂਲਤਾਂ ਹਾਸਲ ਕੀਤੀਆਂ ਅਤੇ ਕਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਪੰਥ ਅਤੇ ਪੰਜਾਬੀਅਤ ਦਾ ਕੋਈ ਮੁੱਦਾ ਕਦੇ ਯਾਦ ਨਹੀਂ ਆਇਆ।ਕੁੱਝ ਵਿਅਕਤੀ ਅਤੇ ਸੰਸਥਾਨ ਦੇਸ਼ ਜਾਂ ਵਿਦੇਸ਼ ਵਿੱਚ ਵੀ ਰਵਾਇਤੀ ਕਾਲੀ ਦਲ ਦੇ ਇਸ ਕਲੇਸ਼ ਨੂੰ ਲੈ ਕੇ ਮੀਟਿੰਗਾਂ ਕਰ ਰਹੇ ਹਨ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ ਜਥੇਦਾਰ ਸਾਬ ਨੂੰ ਮੰਗ ਪੱਤਰ ਭੇਜ ਰਹੇ ਹਨ, ਜਦਕਿ ਸਭ ਨੂੰ ਪਤਾ ਹੈ ਕੇ ਇਸਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲੇਗਾ।ਹੈਰਤ ਇਸ ਗੱਲ ਦੀ ਹੈ ਕੇ ਇਹ ਸਾਰੇ ਵਿਅਕਤੀ ਅਤੇ ਸੰਸਥਾਨ ਖਾਲਿਸਤਾਨ ਦੇ ਹਾਮੀ ਹੋਣ ਦੇ ਦਾਅਵੇਦਾਰ ਹਨ ਜਦਕਿ ਰਵਾਇਤੀ ਕਾਲੀ ਦਲ ਅਨੰਦਪੁਰ ਸਾਹਿਬ ਦੇ ਮਤੇ ਪ੍ਰਤੀ ਵੀ ਸੰਜੀਦਾ ਨਹੀਂ ਹੈ। ਜੋ ਅਹੁਦੇਦਾਰੀ ਦੇ ਨਵੇਂ ਦਾਅਵੇਦਾਰ ਸਾਹਮਣੇ ਆ ਰਹੇ ਹਨ ਉਨ੍ਹਾਂ ਵਿੱਚੋਂ ਕਈ ਕਹਿ ਰਹੇ ਹਨ ਕੇ ਉਹ ਖਾਲਿਸਤਾਨ ਦੇ ਹਾਮੀ ਨਹੀਂ ਹਨ ਪਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਸੋਚ ਦੇ ਸਮਰਥਕ ਹੋਣ ਦੇ ਦਾਅਵੇਦਾਰ ਵੀ ਹਨ। ਸੰਤ ਜੀ ਨੇ ਸਪੱਸ਼ਟ ਕਿਹਾ ਸੀ ਕੇ "ਜਿਸ ਦਿਨ ਹਿੰਦੋਸਤਾਨ ਦੀ ਫੌਜ ਦਰਬਾਰ ਸਾਹਿਬ ਵਿੱਚ ਦਾਖਲ ਹੋਈ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ"। ਹੁਣ ਇਹ ਫੈਸਲਾ ਸਿੱਖ ਕੌਮ ਕਰੇ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾ ਨੂੰ ਕੌਮੀ ਨਿਸ਼ਾਨਾ ਬਦਲਣ ਦਾ ਹੱਕ ਹੈ ? ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਯੂਥ ਵਿੰਗ ਪ੍ਰਧਾਨ ਵਰਿੰਦਰ ਸਿੰਘ ਖਹਿਰਾ ਨੇ ਅੱਗੇ ਕਿਹਾ ਕੇ ਕੌਮ ਨੂੰ ਇੱਕ ਅਕਾਲੀ ਦਲ, ਇੱਕ ਯੂਥ ਵਿੰਗ, ਇੱਕ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਜ਼ਰੂਰਤ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈ ਕੇ ਸਿੱਖ ਕੌਮ ਦੇ ਹੱਕਾਂ ਹਿੱਤਾਂ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰੇ।ਆਰ. ਐਸ. ਐਸ., ਬੀ. ਜੇ. ਪੀ., ਕਾਂਗਰਸ ਜਾਂ ਹੋਰ ਪਾਰਟੀਆਂ ਦੇ ਪ੍ਰਭਾਵ ਹੇਠ ਚੱਲਣ ਵਾਲੇ ਪੁਰਾਣਿਆਂ ਨੂੰ ਹਟਾ ਕੇ ਉਨ੍ਹਾਂ ਹੀ ਨੀਤੀਆਂ ਤੇ ਚੱਲਣ ਵਾਲੇ ਨਵੀਆਂ ਦੀ ਅਗਵਾਈ ਕਬੂਲਣ ਨਾਲ ਕੌਮੀ ਨਿਸ਼ਾਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੈ। ਇਸ ਤ੍ਰਾਸਦੀ ਵਿੱਚੋਂ ਨਿਕਲਣ ਲਈ ਐਸੇ ਲੋਕਾਂ ਨੂੰ ਪਛਾਣ ਕੇ ਹਮੇਸ਼ਾ ਲਈ ਨਿਖੇੜਨ ਦੀ ਜ਼ਰੂਰਤ ਹੈ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243